
# ਮਿੱਟੀ 'ਚ ਉੱਕਰੇ ਅੱਖ਼ਰ



ਚਰਨ ਸਿੰਘ

# ਮਿੱਟੀ 'ਚ ਉੱਕਰੇ ਅੱਖ਼ਰ

(ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

# Mitti Which Ukre Akhar

*(A Collection of Poems )*

By : CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail.com

©

Edition: 2016

Price : Rs. 200/-

Title Designed by :

**Published by :**
Punjab Book Centre
Sector 22, Chandigarh
Tel. : 0172-2701952, 27855056

---

**ਮਿੱਟੀ 'ਚ ਉੱਕਰੇ ਅੱਖਰ** (ਕਾਵਿ ਸੰਗ੍ਰਹਿ); ਸ਼ਾਇਰ : **ਚਰਨ ਸਿੰਘ**
**ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ**
**ਛਾਪਕ** : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਮਹਿਮਾ (ਕਾਵਿ-ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ-ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ-ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)
(14) ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

# ਵਿਸ਼ਵ ਸ਼ਾਂਤੀ ਨੂੰ ਸਮੱਰਪਿਤ

**<u>ਇਸੇ ਕਲਮ ਤੋਂ</u>**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੇ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ)-2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ 2015
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ 2015
* ਚਰਨ ਸਿੰਘ ਕਾਵਿ - ਪ੍ਰੋ. ਬ੍ਰਹਮ ਜਗਦੀਸ਼ ਸਿੰਘ 2015
* Beyond the horizon (Poetry in English) Tanslator : Krishan Bector
* ਨੀਲਾ ਆਸਮਾਂ (ਕਾਵਿ-ਸੰਗ੍ਰਹਿ)-2016
* ਬਾਹਰੋਂ ਆਇਆ ਆਦਮੀ-2016
* ਕੁਕਨੂਸ਼ (ਕਾਵਿ-ਸੰਗ੍ਰਹਿ)-2016

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ

*ਆਦਿਕਾ : **ਰਵਿੰਦਰ ਰਵੀ***
*ਸਿਰਮੌਰ ਪ੍ਰਵਾਸੀ ਕਵੀ—ਚਰਨ ਸਿੰਘ : **ਹਰਭਜਨ ਹਲਵਾਰੀ***

1. ਪਹਿਰੇਦਾਰ
2. ਪੰਛੀ
3. ਬੁੱਝਿਆ ਚਿਹਰਾ
4. ਮੌਸਮ
5. ਸ਼ੀਸ਼ੇ ਦੀ ਕੁੱਖ
6. ਸ਼ੋਰ ਮਸ਼ੀਨੀ
7. ਜ਼ਿਹਨ ਕੰਪਿਊਟਰ 'ਚ
8. ਨਾ ਦਸਰਥ ਨਾ ਰਾਮ
9. ਵਿਚਲੇ ਰੁੱਖ ਦੀ ਛਾਂ
10. ਅਸ਼ੀਰਵਾਦ
11. ਆਪਣੇ ਰਾਹ
12. ਖ਼ਤ
13. ਸੱਚ ਦੀ ਕੂੰਜ
14. ਦਾਰਸ਼ਨਿਕ ਸਮੇਂ ਦੀ ਚੇਤਨਾ
15. ਸਹੀ ਸੇਧ
16. ਤਲੀ ਤੇ ਉੱਗੇ ਨਕਸ਼
17. ਅੱਜ ਦਾ ਯੁੱਗ
18. ਦ੍ਰਿੜ੍ਹਤਾ
19. ਆ ਕੇ ਬੋਲਾਂ ਤੇਰਿਆਂ ਨੂੰ
20. ਤੂੰ ਕਹੇਂ

21 ਚਲੇ ਹਵਾ ਕੇਹੀ
22. ਬੂੰਦ ਸਮੁੰਦਰ ਹੈ
23. ਅੰਨ੍ਹਾਂ ਖੂਹ
24. ਸੰਬੋਧਨ
25. ਕਾਲੀ ਨਦੀ
26. ਭਾਰਤ–ਪਾਕ
27. ਮੱਕੜੀ
28. ਪਹਿਲਾ ਕਦਮ
29. ਸਿਰਾਂ ਦਾ ਜੰਗਲ
30. ਮਕੈਨਕੀ ਹੱਥ
31. ਸੂਰਜ ਚੰਨ ਇਕੱਠੇ
32. ਬਾਦਸ਼ਾਹ ਦਰਵੇਸ਼
33. ਮੁਹੱਬਤ ਦੇ ਚਿਰਾਗ਼
34. ਦਿਲ ਦੀ ਸਰਾਂ
35. ਪਿਆਸਾ ਖੂਹ
36. ਮੇਰੇ ਮਿੱਤਰ
37. ਭਾਸ਼ਾ ਸ਼ਬਦ ਤੇ ਯੁੱਧ
38. ਵੇਗ਼
39. ਕੋਰਾ ਕਾਗ਼ਜ਼
40. ਅੰਕੁਰ

# ਆਦਿਕਾ

ਮਿੱਟੀ 'ਚ ਉੱਕਰੇ ਅੱਖ਼ਰ ਚਰਨ ਸਿੰਘ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 1982 ਵਿਚ ਪ੍ਰਕਾਸ਼ਤ ਹੋਏ ਆਪਣੇ ਪਹਿਲੇ ਕਾਵਿ-ਸੰਗ੍ਰਹਿ "ਤੀਸਰੀ ਅੱਖ" ਰਾਹੀਂ ਪੰਜਾਬੀ ਕਾਵਿ ਖੇਤਰ ਵਿਚ ਆਪਣੀ ਵੱਖਰੀ ਪਛਾਣ ਕਾਇਮ ਕਰਨ ਵੱਲ ਆਰੰਭਕ ਕਦਮ ਪੁੱਟ ਚੁੱਕਾ ਹੈ। ਹੱਥਲੇ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵੀ ਇਸੇ ਸਿਲਸਿਲੇ ਦੀ ਦੂਜੀ ਕੜੀ ਹਨ।

ਚਰਨ ਸਿੰਘ ਅਨੁਸਾਰ ਇਸ ਪੁਸਤਕ ਦੀਆਂ ਕਵਿਤਾਵਾਂ ਮਨੁੱਖਾ ਹੋਂਦ ਦੇ ਵਿਭਿੰਨ ਪਹਿਲੂਆਂ ਨੂੰ ਆਧੁਨਿਕ ਭਾਵ-ਬੋਧ ਅਨੁਸਾਰ ਨਜਿੱਠਦੀਆਂ ਹਨ। ਮਾਰਕਸੀ ਚਿੰਤਨ ਆਧੁਨਿਕ ਚਿੰਤਨ ਹੈ। ਪ੍ਰਗਤੀਵਾਦੀ ਰੋਮਾਂਸਵਾਦੀ ਤਥਾ ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਧਾਰਾ ਦੀ ਕਵਿਤਾ ਦਾ ਆਧੁਨਿਕ ਭਾਵ-ਬੋਧ ਦੀ ਕਾਵਿਧਾਰਾ ਨਾਲੋਂ ਵਖਰੇਵਾਂ ਮਾਰਕਸੀ ਚਿੰਤਨ ਨੂੰ ਅਪਣਾਉਣ ਕਰਕੇ ਨਹੀਂ ਸਗੋਂ ਇਸ ਚਿੰਤਨ ਨੂੰ ਅਪਨਾਉਣ ਦੀ ਵਿਧੀ, ਰਚਨਾਤਮਕ ਅਮਲ, ਅਨੁਭਵ-ਪ੍ਰਣਾਲੀਆਂ ਅਤੇ ਇਸ ਪ੍ਰਤੀ ਉਪਭਾਵੁਕਤਾ, ਹਲਕੀ ਤੇ ਉਲਾਰ ਦ੍ਰਿਸ਼ਟੀਕੋਣ ਕਰਕੇ ਹੈ। ਕਲਾਹੀਣ ਪ੍ਰਚਾਰਵਾਦ ਇਕ ਰੁੱਖੀ ਉਪਭਾਵੁਕਤਾ, ਹਲਕੀ ਤੇ ਸਤੱਈ ਨਾਅਰੇਬਾਜ਼ੀ ਰਚਨਾਤਮਿਕਤਾ ਦੇ ਅਮਲ ਵਿਚ ਇਕਾਂਗਿਤਾ ਤੇ ਖੜੋਤ ਮਕਾਂਕੀਪਨ ਤੇ ਸਿਥੱਲਤਾ, ਤਰਕ ਤੇ ਨਿਆਂਏ ਦੀ ਥਾਂ ਰੋਮਾਸਕ ਰੁਚੀ ਦਾ ਪਰਚਾਰ, ਘਿਸਿਆ ਪਿਟਿਆ ਬਿੰਬ ਵਿਧਾਨ ਸਮਕਾਲੀਨ ਜੀਵਨ ਦੀਆਂ ਗਤੀਸ਼ੀਲ ਵਰਤਮਾਨ ਪ੍ਰਸਥਿਤੀਆਂ ਤੇ ਕੀਮਤਾਂ ਨੂੰ ਸਮਝਣ ਸਿਰਜਣ ਦੀ ਅਸਮਰਥਾ, ਆਧੁਨਿਕ ਸੰਵੇਦਨਾ ਦੇ ਤ੍ਰੈਕਾਲਕ ਚਿੰਤਨ ਦੀ ਅਣਹੋਂਦ, ਵਿਅਕਤੀਗਤ ਅਤੇ ਸਮੂਹਕ ਕੀਮਤਾਂ ਤੇ ਅਧਾਰਾਂ ਵਿਚ ਦਵੰਦ ਤੇ ਤ੍ਰੇੜਾਂ ਦਾ ਮੱਧ-ਵਰਗੀ ਵਿਅਕਤੀਵਾਦ ਦੇ ਰੂਪ ਵਿਚ ਸਮਝੌਤਾ, ਆਧੁਨਿਕ ਸਾਪੇਖਿਆਵਾਦ ਤੇ ਬ੍ਰਹਿਮੰਡਕ ਚੇਤਨਾ ਦਾ ਅਭਾਵ, ਜ਼ਿੰਦਗੀ ਦੇ ਨਿਰੰਤਰ ਪ੍ਰਵਾਹ ਤੇ ਮੇਨਸਟਰੀਮ ਤੋਂ ਟੁੱਟ ਕੇ ਸਵੈ-ਸਿਰਜੇ ਰੋਮਾਂਟਕ ਆਦਰਸ਼ਵਾਦੀ

ਕੋਏ ਵਿਚ ਅਪਸਾਰ ਆਦਿ ਲੱਛਣ ਹੀ ਪ੍ਰਗਤੀਵਾਦੀ ਰੋਮਾਂਸਵਾਦੀ ਧਾਰਾ ਦੀ ਕਵਿਤਾ ਨੂੰ ਆਧੁਨਿਕ ਭਾਵ-ਬੋਧ ਦੀ ਕਵਿਤਾ ਨਾਲੋਂ ਨਿਖੇੜਦੇ ਹਨ।

ਏਸ ਧਾਰਾ ਦੇ ਕਵੀ ਆਪਣੇ ਉਲਾਰ ਅਤੇ ਉਪਭਾਵੁਕ ਸੁਭਾਅ ਅਧੀਨ ਇਹ ਵੀ ਭੁੱਲ ਜਾਂਦੇ ਹਨ ਕਿ ਉਹ ਕਾਵਿ ਰਚਨਾ ਕਰ ਰਹੇ ਹਨ ਕਿ ਮਾਰਕਸੀ ਚਿੰਤਨ ਦੇ ਸਿਆਸੀ ਬਿੰਬ ਦਾ ਕਲਾਹੀਣ ਉਥਾਨ ਤੇ ਪ੍ਰਚਾਰ। ਇੰਜ ਜਾਪਦਾ ਹੈ ਜਿਵੇਂ ਕਾਵਿ-ਰਚਨਾ ਉਹਨਾਂ ਲਈ ਗੌਣ ਅਤੇ ਸਿਧਾਂਤ-ਪ੍ਰਚਾਰ ਪ੍ਰਮੁੱਖ ਹੋ ਗਿਆ ਹੋਵੇ। ਇਸੇ ਲਈ ਉਨ੍ਹਾਂ ਦੀ ਕਵਿਤਾ ਰਚਨਾਤਮਿਕਤਾ ਦੇ ਸਰਬਹਾਰੇ ਅਮਲ ਤੋਂ ਕੋਰੀ ਹੈ। ਉਹ ਰਚਨਾ ਵਿਚ ਅੰਕਿਤ ਅਨੁਭਵ ਅਤੇ ਸਖ਼ਸ਼ੀ ਤੇ ਸਮਾਜੀ ਅਨੁਭਵ ਵਿਚ ਤਦਰੂਪਤਾ ਤੇ ਸਾਂਝ ਸਥਾਪਤ ਕਰਨ ਵਿਚ ਬਹੁਤ ਹੱਦ ਤਕ ਅਸਮਰੱਥ ਰਹੇ ਹਨ।

ਆਪਣੀ ਪੂਰਵ-ਪ੍ਰੰਪਰਾ ਤੇ ਉਪਰੋਕਤ ਸੁਭਾਅ ਤੇ ਗੁਣ-ਵਿਧਾ ਤੋਂ ਆਪਣੇ ਆਪਨੂੰ ਨਿਖੇੜਨ ਲਈ ਸ਼ਾਇਦ ਚਰਨ ਸਿੰਘ ਮਾਰਕਸੀ ਚਿੰਤਨ ਨੂੰ ਆਧੁਨਿਕ-ਚਿੰਤਨ ਨਹੀਂ ਸਮਝਦਾ ਇਸੇ ਲਈ ਉਹ ਕਹਿੰਦਾ ਹੈ ਕਿ ਇਸ ਕਵਿਤਾ ਦੀਆਂ ਕਵਿਤਾਂਵਾਂ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਧੁਨਿਕ ਭਾਵਬੋਧ ਅਨੁਸਾਰ ਨਜਿੱਠਦੀਆਂ ਹਨ।

ਅਜੋਕੀ ਆਧੁਨਿਕ ਕਵਿਤਾ ਆਧੁਨਿਕ ਮਨੁੱਖ ਦੀ ਬਹੁ-ਮੁਖੀ, ਬਹੁ-ਦਿਸ਼ਾਵੀ, ਬਹੁ-ਵਿਧ ਸਖ਼ਸ਼ੀਅਤ ਦੀ ਖੰਡਿਤ ਤੇ ਸੰਯੁਕਤ ਇਕਾਈ ਨੂੰ ਸਾਪੇਖ ਰੂਪ ਵਿਚ ਅਜੋਕੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਤ੍ਰੈਕਾਲਕ ਤੇ ਬ੍ਰਹਿਮੰਡਕ ਦ੍ਰਿਸ਼ਟੀ ਤੋਂ ਗਲੋਬਲ ਸੰਦਰਭ ਵਿਚ ਸਮਝਣ ਤੇ ਸਿਰਜਣ ਦਾ ਕਲਾਤਮਕ ਅਭਿਆਸ ਹੈ। ਆਪਣੀ ਹੋਂਦ ਦੇ ਵੱਖ-ਵੱਖ ਪਹਿਲੂਆਂ ਨੂੰ ਵੱਖ -ਵੱਖ ਸਿਧਾਂਤਾਂ, ਚਿੰਤਨਾਂ, ਮੁੱਲਾਂ, ਦਰਸ਼ਨ, ਪ੍ਰਸਥਿਤੀਆਂ ਤੇ ਕੋਨਾਂ ਤੋਂ ਵਾਚਦਾ ਆਧੁਨਿਕ ਮਨੁੱਖ ਆਪਣੇ ਤਸ਼ੱਖੁਸ (ਆਈਡੈਂਟਿਟੀ) ਦੀ ਪਹਿਚਾਣ ਤੇ ਤਲਾਸ਼ ਵਿਚ ਹੈ।

ਚਰਨ ਸਿੰਘ ਦਾ ਕਾਵਿ ਇਸੇ ਰਚਨਾ ਪ੍ਰਕ੍ਰਿਆ ਦਾ ਧਾਰਨੀ ਹੈ। ਉਸਦੀ ਸੋਚ ਸਦੀਵੀ ਛਿਣਭੰਗਰ, ਕਾਲ ਤੇ ਅਕਾਲ, ਸਅੰਤ ਤੇ ਅਨੰਤ, ਸਾਕਰਮ ਤੇ ਨਿਕਰਮ, ਮੌਨ ਤੇ ਸਬੋਲ, ਇੰਦਰੀ ਤੇ ਪਰਾਇੰਦਰੀ, ਅਨੁਭਵ, ਕਾਰਨ ਤੇ ਕਾਰਜ, ਮੂਲ ਤੇ ਧਾਰਾ, ਬੁਲਬੁਲਾ ਤੇ ਵਹਾ, ਤੋਰ ਤੇ ਖੜੋਤ ਅਤੇ ਹੋਂਦ, ਹੋਣ ਤੇ ਨਿ੍ਹੋਂਦ ਜਿਹੇ ਦਾਰਸ਼ਨਕ ਤੇ ਹੋਰ ਅਨਯ ਪ੍ਰਸੰਗਾਂ ਚੋਂ ਆਪਣੇ ਆਪ ਨੂੰ ਨਿਹਾਰਦੀ, ਸਾਕਾਰਦੀ ਤੇ ਪਹਿਚਾਣਦੀ, ਰਚਨਾਤਮਿਕਤਾ ਦੇ

ਸਰਬਹਾਰੇ ਕਲਾ-ਯੁਕਤ ਅਮਲ ਵਿਚੋਂ ਗੁਜ਼ਰਦੀ ਹੋਈ ਆਪਣੇ ਨਿਵੇਕਲੇ ਹਸਤਾਖ਼ਸ਼ਰ ਸਥਾਪਤ ਕਰਨ ਵੱਲ ਰੁਚਿਤ ਹੈ।

ਇਥੇ ਚਰਨ ਸਿੰਘ ਦੀ ਕਵਿਤਾ ਚੋਂ ਕੁਝ ਹਵਾਲੇ ਦੇਣੇ ਪ੍ਰਕਰਣ ਤੋਂ ਬਾਹਰੀ ਗੱਲ ਨਹੀਂ ਹੋਵੇਗੀ।

1- ਮੈਂ ਸ਼ੀਸ਼ੇ ਦੀ ਕੁੱਖ ਦਾ ਜਾਇਆ
ਮੇਰੇ ਅੰਕੁਰ 'ਚ ਹੀ ਮੇਰਾ ਪੁਰਖ ਸਮਾਇਆ

2- ਧਰਤੀ ਵਿਚ ਹੀ ਥਾਲ ਗਗਨ ਦਾ
ਸਭ ਸੁੱਖ ਮਿੱਟੀ ਵਿਚ ਸਮਾਇਆ
ਇਹ ਮਿੱਟੀ ਪ੍ਰਵਾਜ਼ ਹੈ ਮੇਰੀ
ਇਸ ਮਿੱਟੀ ਦੀ ਮੇਰੀ ਕਾਇਆ

3- ਮੈਂ ਪੁਲਾੜ 'ਚ ਉੱਡ ਰਿਹਾ ਪੰਛੀ
ਜਿਸਦੇ ਖੰਭਾਂ ਦੀ ਹਰਕਤ
ਆਪੇ ਤੋਂ ਆਪੇ ਤਕ

4- ਹਰ ਇਕ ਇੱਟ ਨੇ
ਆਪਣੀ ਜੀਭਾ ਮਸਤਕ ਉੱਤੇ ਟੰਗੀ
ਗ਼ਮ ਦੇ ਝੱਲ 'ਚ
ਏਸ ਸ਼ਹਿਰ ਦੀ ਹੋਈ ਉਦਾਸੀ ਨੰਗੀ

5- ਪੈਰ ਵੀ ਮੇਰੇ ਰਾਹ ਵੀ ਮੇਰੇ
ਜਿਸਮ ਵੀ ਮੇਰਾ ਸਾਹ ਵੀ ਮੇਰੇ
ਆਪਣੇ ਵਿਚ ਵੜ ਕੇ ਤੱਕਿਆ
ਆਪਣੇ ਆਪ ਤੇ ਖੜ੍ਹ ਕੇ ਤੱਕਿਆ
ਚਾਰ ਚੁਫੇਰੇ
ਕਿੱਧਰੇ ਵੀ ਸੂਰਜ ਨਹੀਂ ਡੁੱਬਦਾ
ਦਿਸਹੱਦੇ ਤਕ ਨਜ਼ਰ ਨਾ ਆਵਣ
ਕਿਤੇ ਹਨ੍ਹੇਰੇ

6- ਜ਼ਿਹਨ ਕੰਪਿਊਟਰ 'ਚ ਧਰ ਰਿਹਾ ਹੈ ਆਦਮੀ
ਦਿਨ ਵੱਡਾ ਰਾਤ ਨਿੱਕੀ ਕਰ ਰਿਹਾ ਹੈ ਆਦਮੀ
ਪਰਬਤਾਂ ਨੂੰ ਚੀਰਨਾ ਤਾਂ ਬਹੁਤ ਪਿੱਛੇ ਰਹਿ ਗਿਆ
ਹੁਣ ਤਾਂ ਟੋਟੇ ਹਵਾ ਦੇ ਕਰ ਰਿਹਾ ਹੈ ਆਦਮੀ

ਚਰਨ ਸਿੰਘ ਜੋ ਤੱਤ ਬਾਕੀ ਨੌਜਵਾਨ ਕਵੀਆਂ ਦੇ ਪ੍ਰਸੰਗ ਵਿਚ ਨੁਮਾਇਆ ਤੌਰ ਤੇ ਪ੍ਰਸਤੁਤ ਕਰਦਾ ਹੈ, ਉਹ ਹੈ ਬਿੰਬ ਦੀ ਚੇਤੰਨਤਾ। ਉਹ ਆਪਣੇ ਹਾਵ-ਭਾਵ ਤੇ ਵਿਚਾਰ ਪ੍ਰਗਟ ਕਰਨ ਲਈ ਪੁਰਾਣੇ ਬਿੰਬਾਂ ਨੂੰ ਨਵੇ ਂ ਕਲਾਤਮਕ ਸੁਹਜ ਤੇ ਸੰਦਰਭ ਦਿੰਦਾ ਹੈ। ਨਵੇਂ ਬਿੰਬ ਘੜਦਾ ਹੋਇਆ ਉਹ ਸੰਕਲਪ ਤੇ ਸੁਹਜ ਅਤੇ ਪ੍ਰਤੱਖਣ ਤੇ ਅਭਿਵਿਅਕਤੀ ਦੇ ਸੰਗਮ ਦੇ ਰੂਪ ਵਿਚ ਆਪਣੀ ਕਵਿਤਾ ਦੇ ਆਰ-ਪਾਰ ਇਕ ਚੇਤੰਨ ਸ਼ਿਲਪੀ ਵਾਂਗ ਸਮਾਇਆ ਹੋਇਆ ਹੈ। ਉਸਦੀ ਕਾਵਿ-ਕਲਾ ਦੇ ਇਹ ਗੁਣ ਤੇ ਇਨ੍ਹਾਂ ਦੇ ਨਾਲ ਇਸਦਾ ਨਿਵੇਕਲਾ ਰਿਦਮ ਉਸਨੂੰ ਨੇੜ ਭਵਿੱਖ ਵਿਚ ਇਕ ਪ੍ਰੌਢ ਸ਼ੈਲੀਕਾਰ ਦੇ ਰੂਪ ਵਿਚ ਪ੍ਰਸਤੁਤ ਕਰਨਗੇ।

**ਰਵਿੰਦਰ ਰਵੀ**

ਅਕਤੂਬਰ 12, 1983

NewAiyansh B.C.
CANADA
VOJIAO

# ਸਿਰਮੌਰ ਪ੍ਰਵਾਸੀ ਕਵੀ—ਚਰਨ ਸਿੰਘ

ਬਹੁਤੇ ਪੰਜਾਬੀ ਪਰਵਾਸੀ ਲੇਖਕਾਂ ਤੇ ਡਾਲਰਾਂ ਤੇ ਪੌਂਡਾਂ ਦੇ ਸਹਾਰੇ ਸਹਿਤ ਵਿਚ ਧੱਕੇ ਨਾਲ ਪ੍ਰਵੇਸ਼ ਕਰਨ ਦਾ ਇਲਜ਼ਾਮ ਲਾਇਆ ਜਾਂਦਾ ਹੈ। ਪਰ ਕਈ ਪਰਵਾਸੀ ਪੰਜਾਬੀ ਲੇਖਕ ਆਪਣੀ ਪ੍ਰਤੱਖ ਰਚਨਾ, ਸਮਰੱਥਾ ਤੇ ਪ੍ਰਤਿਭਾ ਕਾਰਨ ਇਸ ਇਲਜ਼ਾਮ ਨੂੰ ਝੁਠਲਉਂਦੇ ਹਨ। ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ। ***"ਮਿੱਟੀ ਵਿਚ ਉੱਕਰੇ ਅੱਖਰ"*** ਵਿਚਲੀਆਂ ਕਵਿਤਾਵਾਂ ਦੀ ਭਾਵ-ਸਮੱਗਰੀ ਵਿਚ ਨਵੀਨਤਾ ਹੈ, ਆਧੁਨਿਕ ਬੋਧ ਤੇ ਅਨੁਭਵ ਚੋਖੀ ਮਾਤਰਾ ਵਿਚ ਹਨ ਅਤੇ ਢੁਕਵੀਂ ਕਾਵਿ-ਸ਼ੈਲੀ ਵਿਚ ਪਰੋਏ ਹੋਏ ਹਨ। ਅਜੋਕੇ ਯੁੱਗ ਵਿਚ ਮਨੁੱਖੀ ਹੋਂਦ ਨੂੰ ਦਰਪੇਸ਼ ਆਮ ਸਮਸਿਆਵਾਂ ਦੀ ਪੇਸ਼ਕਾਰੀ ਉੱਪਰ ਵੀ ਉਸਨੂੰ ਕਾਫ਼ੀ ਆਬੂਰ ਹਾਸਲ ਹੈ। ਚਰਨ ਸਿੰਘ ਦੀ ਕਾਵਿ-ਸ਼ੈਲੀ ਨਵੀਂ ਅਤੇ ਲੈਅ ਭਰਪੂਰ ਹੈ। ਇਸ ਭੁਲੇਖੇ ਨੂੰ ਦੂਰ ਕਰਦੀ ਹੈ ਕਿ ਆਧੁਨਿਕ ਭਾਵ-ਬੋਧ ਨੂੰ ਸਿਰਫ਼ ਵਾਰਤਾਮਈ ਸ਼ੈਲੀ ਦੁਆਰਾ ਹੀ ਪ੍ਰਗਟਾਇਆ ਜਾ ਸਕਦਾ ਹੈ। ਇਹ ਸ਼ੈਲੀ ਚਰਨ ਸਿੰਘ ਦੀ ਪ੍ਰਾਪਤੀ ਹੈ।

**-ਹਰਭਜਨ ਹਲਵਾਰਵੀ**

# ਪਹਿਰੇਦਾਰ

ਉਹ ਜੋ ਮੱਖਣ ਸਿੰਘ
ਪਾਣੀ ਦੇ ਛੰਨੇ ਚੋਂ
ਸ਼ੇਰ ਤੇ ਗੁਰੂ ਨਾਨਕ ਵਿਖਾਂਦਾ ਸੀ
ਜਾਗਦੇ ਰਹੋ! ਜਾਗਦੇ ਰਹੋ!
ਜਾਗਦੇ ਰਹੋ ਦੇ ਬੋਲ
ਘੁੱਪ ਹਨ੍ਹੇਰਿਆਂ ਅੰਨ੍ਹੀਆਂ ਗਲੀਆਂ
ਕੰਧਾਂ ਤੇ ਛੱਤਾਂ ਨੂੰ ਸੁਣਾਂਦਾ ਸੀ
ਮਰ ਗਿਆ ਹੈ

-0-

ਪਰ ਦੱਸ ਗਿਆ ਹੈ
ਜਾਂਚ ਗਲੀਆਂ ਨੂੰ ਜਾਗਣ ਦੀ
ਤੇ ਘਰਾਂ ਦਿਆਂ ਦਰਾਂ ਨੂੰ
ਸਾਧ ਚੋਰ ਪਹਿਚਾਨਣ ਦੀ
ਉਦੋਂ ਮੈਂ ਆਪਣੇ ਘਰ ਦੀ ਛੱਤੇ ਬੈਠਾ
ਆਪਣੀ ਮਾਂ ਦੀ
ਸ਼ਕਲ ਹੰਢਾਅ ਰਿਹਾ ਸਾਂ
ਕਿ ਇਸਦੀ ਕੁੱਖ
ਮੇਰੀ ਸੰਨ੍ਹ ਲਈ ਮੁਨਾਸਿਬ ਹੈ ਜਾਂ ਨਹੀਂ

-0-

ਮੋਇਆ ਮੱਖਣ ਸਿੰਘ
ਗਲੀ ਚੋਂ ਪੁਕਾਰ ਰਿਹਾ ਸੀ
"ਕੁੱਝ ਘਰਾਂ ਦੇ ਦਰਵਾਜ਼ੇ
ਖਿੜਕੀਆਂ ਤੇ ਰੌਸ਼ਨਦਾਨ
ਖ਼ੁਦ ਆਪਣੇ ਹੀ ਘਰਾਂ ਦੇ ਚੋਰ ਹਨ
ਚੋਰ ਕਿੱਥੇ ਹੋਰ ਹਨ"

-0-

ਉਹ ਚੌਕੀਦਾਰ ਦੱਸਦਾ ਸੀ
ਕਿ ਮਰਨ ਤੋਂ ਪਹਿਲਾਂ
ਉਹ ਇੰਨਾ ਭਾਰਾ ਨਹੀਂ ਸੀ
ਜਿੰਨਾ ਮਰਨ ਪਿਛੋਂ ਹੈ
ਮਰਨ ਤੋਂ ਪਹਿਲਾਂ
ਉਹ ਜ਼ਿੰਮੇਵਾਰੀਆਂ ਦੇ ਭਾਰ ਹੇਠ
ਆਉਂਦਾ ਗਿਆ

-0-

ਅੱਜ ਮੈਂ
ਜਦੋਂ ਕਈ ਵਰ੍ਹਿਆਂ ਪਿੱਛੋਂ
ਆਪਣੇ ਘਰ ਪਰਤਿਆ ਹਾਂ
ਤਾਂ
ਮੁਹੱਲੇ ਦੀਆਂ
ਅਵਲ! ਦੋਮ!! ਪਿੱਲੀਆਂ!!!
ਕਿਤੇ ਕਿਤੇ
ਨਿੱਕੀਆਂ ਬਾਲੜੀਆਂ ਇੱਟਾਂ
ਦਿਨ ਦਿਹਾੜੇ ਪੁਕਾਰ ਰਹੀਆਂ ਸਨ
"ਮੱਖਣ ਸਿੰਘ ਜਾਗਦੇ ਰਹੋ
ਇਹ ਦਰ ਹੀ ਆਪਣੇ ਘਰਾਂ ਦੇ ਚੋਰ ਹਨ
ਚੋਰ ਕਿੱਥੇ ਹੋਰ ਹਨ"

-0-

ਉਹ ਜੋ ਮੱਖਣ ਸਿੰਘ
ਪਾਣੀ ਦੇ ਛੰਨੇ ਚੋਂ
ਸ਼ੇਰ ਤੇ ਗੁਰੂ ਨਾਨਕ ਵਿਖਾਂਦਾ ਸੀ
ਜਾਗਦੇ ਰਹੋ ਦੇ ਬੋਲ
ਘੁੱਪ ਹਨ੍ਹੇਰਿਆਂ ਅੰਨ੍ਹੀਆਂ ਗਲੀਆਂ
ਕੰਧਾਂ ਤੇ ਛੱਤਾਂ ਨੂੰ ਸੁਣਾਂਦਾ ਸੀ
ਮਰ ਗਿਆ ਹੈ

------

## ਪੰਛੀ

ਮੈਂ ਪੁਲਾੜ 'ਚ ਉੱਡ ਰਿਹਾ ਪੰਛੀ
ਜਿਸਦੇ ਖੰਭਾਂ ਦੀ ਹਰਕਤ
ਆਪਣੇ ਵਿਚਲੇ ਦੇ ਭਾਲ ਦੀ ਹੈ
ਆਪੇ ਤੋਂ ਆਪੇ ਤਕ ਦਾ ਸਫ਼ਰ ਹੈ
ਮੇਰੇ ਤੋਂ ਤੇਰੇ ਤਕ
ਤੇਰੇ ਤੋਂ ਮੇਰੇ ਤਕ ਦੇ ਸਵਾਲ ਦੀ ਹੈ

-0-

ਮੇਰੇ ਪਰਾਂ ਦੀ ਥਰਥਰਾਹਟ
ਮੇਰੇ ਕੰਨੀ ਅਗੰਮੀ ਰਸ ਘੋਲਦੀ
ਹੋਂਦ ਮੇਰੀ ਬਾਂਸ ਦੀ ਪੋਰੀ ਵਾਂਗੂੰ
ਤੂੰ ਹੀ ਤੂੰ ਦੇ ਬੋਲ ਬੋਲਦੀ

-0-

ਧਰਤੀ ਸੰਗ ਮੇਰਾਂ ਪਰਛਾਵਾਂ
ਉੱਡਣ ਮੇਰੇ ਨਾਲ ਨਾਲ
ਕਿੰਨੀ ਇਕਸੁਰਤਾ ਹੈ
ਆਪੇ ਤੋਂ ਆਪੇ ਤਕ ਦੀ
ਮੈਂ ਆਪਣੀ ਇਕਾਂਤ 'ਚ
ਸਾਹਾਂ ਵਾਂਗੂੰ ਵਸ ਰਿਹਾ ਹਾਂ
ਨੂਰੀ ਨੂਰ ਦੀ ਬੁੱਕਲੇ ਬੈਠਾ
ਕਲੀਆਂ ਵਾਂਗੂੰ ਮਹਿਕ ਰਿਹਾ ਹਾਂ
ਫੁੱਲਾਂ ਵਾਂਗੂੰ ਹੱਸ ਰਿਹਾ ਹਾਂ

-0-

ਕੁੱਲ ਸ੍ਰਿਸ਼ਟੀ
ਮੇਰੀ ਇਕੱਲਤਾ ਵਿਚ ਸਿਮਟੀ
ਹੁਣ ਖ਼ੁਸ਼ੀ ਹੈ
ਖ਼ੁਸ਼ੀ ਦਾ ਕੋਈ ਗੀਤ ਨਹੀਂ ਹੈ
ਪਰਵਾਜ਼ ਮੇਰਾ ਪੁਲਾੜ ਦਾ ਹਿੱਸਾ

ਜਿਸਮ ਮੇਰਾ ਧਰਤੀ ਮਿੱਟੀ
ਮਿੱਟੀ ਜਿਹੀ ਕੋਈ ਸ਼ੈਅ ਨਾ ਡਿੱਠੀ
ਜਿਸ ਚੋਂ
ਮਿੱਤਰ ਦੁਸ਼ਮਨ ਉਪਜੇ
ਗੁਲੇਲਾਂ ਤੀਰ ਬੰਦੂਕਾਂ ਗੋਲੇ
ਸੱਚ ਕੂੜ ਚਤੁਰ ਸਿਆਣੇ ਭੋਲੇ ਭਾਲੇ
ਕੁੱਝ ਐਸੇ ਜੋ ਮੇਰੀ ਭੁੱਖ ਲਈ
ਖੇਤਾਂ ਵਾਂਗੂੰ ਰੁੱਖਾਂ ਵਾਂਗੂੰ
ਮੱਕੀ ਬਾਜਰਾ ਕਣਕ ਦੇ ਦਾਣੇ

-0-

ਆਪੇ ਤੋਂ ਆਪੇ ਦੀ ਤ੍ਰਿਸ਼ਨਾ
ਤੇਰੇ ਤੋਂ ਮੇਰੇ ਦਾ ਪੈਂਡਾ
ਮੇਰੇ ਵਿਚ ਹੀ ਮੇਰਾ ਸਾਇਆ
ਧਰਤੀ ਵਿਚ ਹੀ ਥਾਲ ਗਗਨ ਦਾ
ਸਭ ਸੁੱਖ ਮਿੱਟੀ ਵਿਚ ਸਮਾਇਆ
ਇਹ ਮਿੱਟੀ ਪ੍ਰਵਾਜ਼ ਹੈ ਮੇਰੀ
ਇਸ ਮਿੱਟੀ ਦੀ ਮੇਰੀ ਕਾਇਆ

-0-

ਮੈਂ ਪੁਲਾੜ 'ਚ ਉੱਡ ਰਿਹਾ ਪੰਛੀ
ਜਿਸਦੇ ਖੰਭਾਂ ਦੀ ਹਰਕਤ
ਆਪਣੇ ਵਿਚਲੇ ਸੱਚ ਦੇ ਭਾਲ ਦੀ ਹੈ
ਆਪੇ ਤੋਂ ਆਪੇ ਤਕ ਦਾ ਸਫ਼ਰ ਹੈ
ਮੇਰੇ ਤੋਂ ਤੇਰੇ ਤਕ
ਤੇਰੇ ਤੋਂ ਮੇਰੇ ਤਕ ਸਵਾਲ ਦੀ ਹੈ

-----

# ਬੁੱਝਿਆ ਚਿਰਾਗ਼

ਉਹ ਜੋ ਕਵਿਤਾ ਕਹਿ
ਆਪਣੀ ਅਭਿਵਿਅਕਤੀ ਦੀ
ਤ੍ਰਿਸ਼ਨਾ ਤ੍ਰਿਪਤਾਂਦਾ ਸੀ
ਉਸ ਸੜਕ ਦੀ ਬੱਤੀ ਵਾਂਗੂੰ
ਸਾਰੀ ਰਾਤ ਜਗਣ ਦੇ ਪਿਛੋਂ
ਤੜਕਸਾਰ ਹੀ ਬੁੱਝ ਗਿਆ

-0-

ਪੀਲਾ ਫੱਕ ਸ਼ਹਿਰ ਦਾ ਚਿਹਰਾ
ਚਿੱਟੀਆਂ ਚਿੱਟੀਆਂ
ਗਲੀਆਂ ਦੀਆਂ ਅੱਖ੍ਹਾਂ
ਖੁੱਲ੍ਹ ਗਈਆਂ ਸੜਕਾਂ ਦੀਆਂ ਗੁੱਤਾਂ
ਇਸ ਸ਼ਹਿਰ ਨੂੰ ਰੱਬ ਦੀਆਂ ਰੱਖਾਂ
ਇਕ ਹਵਾ ਦੇ ਬੁੱਲ੍ਹੇ ਨਾਲ
ਬਦਲ ਗਈਆਂ ਨੇ ਸਭੇ ਰੁੱਤਾਂ
ਤਪ ਗਈ ਹੈ ਸ਼ਹਿਰ ਦੀ ਧਰਤੀ
ਬੁੱਲ੍ਹ ਟੇਰਣ ਬਾਲੇ ਤੇ ਛੱਤਾਂ
ਇਕ ਦੂਜੀ ਦੇ ਗਲ਼ ਲਗ ਰੋ ਰੋ
ਪਾਗ਼ਲ ਹੋਈਆਂ ਸ਼ਹਿਰੀ ਕੰਧਾਂ

-0-

ਸੋਗੀ ਸ਼ਹਿਰ
ਇਕੱਲਿਆਂ ਛੱਡ ਕੇ
ਹਰ ਬਸ਼ਰ ਹੀ
ਆਪੋ ਆਪਣੇ ਕੰਮੀਂ-ਧੰਦੀਂ ਰੁੱਝਾ
ਸਿਖ਼ਰ ਦੁਪਹਿਰੇ ਮੱਤ ਸ਼ਹਿਰ ਦੀ
ਤਕ ਹਨ੍ਹੇਰਾ ਪੁੱਜਾ
ਹਰ ਇਕ ਇੱਟ ਨੇ

ਆਪਣੀ ਜੀਭਾ
ਮਸਤਕ ਉਤੇ ਟੰਗੀ
ਗ਼ਮਾਂ ਦੇ ਝੱਲ 'ਚ
ਇਸ ਸ਼ਹਿਰ ਦੀ ਹੋਈ
ਉਦਾਸੀ ਨੰਗੀ
ਅੱਬੜਵਾਹੇ ਚਰਚਾ ਦੀ ਰੁੱਤ
ਚੁੱਪ ਦੀ ਬੁੱਰਕੀ ਭੰਨੀ
ਸ਼ਹਿਰ ਇੰਜ
ਜਿਉਂ ਸਿਲ ਬਰਫ਼ ਦੀ
ਲੋਕ ਨਿਪੁੰਸਕ ਜਾਪਣ
ਬਟੂਏ ਵਿਚਲੇ ਸ਼ੀਸ਼ੇ ਵਿਚੋਂ
ਕੱਦ ਦਰਦ ਦਾ
ਪੀੜ ਸ਼ਹਿਰ ਦੀ ਮਾਪਣ

-0-

ਉਹ ਜੋ ਕਵਿਤਾ ਕਹਿ
ਆਪਣੀ ਅਭਿਵਿਅਕਤੀ ਦੀ
ਤ੍ਰਿਸ਼ਨਾ ਤ੍ਰਿਪਤਾਂਦਾ ਸੀ
ਉਸ ਸੜਕ ਦੀ ਬੱਤੀ ਵਾਂਗੂੰ
ਸਾਰੀ ਰਾਤ ਜਗਣ ਦੇ ਪਿੱਛੋਂ
ਤੜਕਸਾਰ ਹੀ ਬੁੱਝ ਗਿਆ ਹੈ

-----

# ਮੌਸਮ

ਅੱਜ ਕੱਲ੍ਹ
ਕੁੱਝ ਐਸਾ ਮੌਸਮ ਹੈ
ਹਰਿਆਂ ਰੁੱਖਾਂ ਤੋਂ ਵੀ
ਪੱਤਰ ਝੜ ਰਹੇ ਹਨ

-0-

ਰੁੱਖਾਂ ਦੇ ਪੈਰਾਂ 'ਚ ਡਿੱਗ ਡਿੱਗ
ਮੋਹ ਮਮਤਾ ਦਾ ਵਿੜ ਰਹੇ ਹਨ
ਅਚਨਚੇਤੇ ਜੋ ਛੁਟਿਆ ਸੀ
ਗ਼ਮਲੇ ਵਿਚਲੇ ਕੈਕਟਸ ਦਾ
ਜੁੱਸਾ ਫਟਿਆ ਸੀ
ਦਿਲ ਦਾ ਕੰਵਲ ਦੇਹ ਤੋਂ ਟੁੱਟ ਕੇ
ਜਦ ਗਿਰਿਆ ਸੀ

-0-

ਕਈ ਵਾਰੀ ਐਵੇਂ ਕੈਵੇਂ
ਤੇਰਾ ਚੇਤਾ ਆ ਜਾਂਦਾ ਹੈ
ਦਿਲ ਦੀ ਕ੍ਰਿਆ ਹੈ ਮੁਹੱਬਤ
ਤੇਰਾ ਗ਼ਮ ਦਿਲ ਨੂੰ ਖਾ ਜਾਂਦਾ ਹੈ
ਦਿਲ ਦਾ ਤੇਰੇ ਬਿਨ
ਕੋਈ ਵਜ਼ੂਦ ਨਹੀਂ ਹੈ
ਸੋਚ ਦੀ ਦੁਨੀਆਂ ਵਿਚ
ਤੂੰ ਮੌਜੂਦ ਨਹੀਂ ਹੈ
ਦਿਲ ਤੇ ਸੋਚ 'ਚ ਲਟਕ ਰਿਹਾ ਹਾਂ
ਸਾਗਰ ਹੋ ਕੇ
ਆਪਣੀ ਪਿਆਸ ਲਈ ਭਟਕ ਰਿਹਾ ਹਾਂ

-0-

ਤੂੰ ਦੋ ਕਦਮ ਵੀ ਤੁਰ ਨਾ ਸਕੀਉਂ
ਮੈਂ ਜਿਸਮਾਂ ਦੇ ਸਾਗਰ ਤਰਦਾ
ਮੌਸਮ ਰੁੱਤ ਬਹਾਰਾਂ ਹੋ ਕੇ

ਰੰਗਾਂ ਮਹਿਕਾਂ ਲਈ ਤਰਸ ਦਾ
ਰੁੰਡ-ਮਰੁੰਡ ਰੁੱਖਾਂ ਦੇ ਪਿੰਡੇ
ਰੰਗ ਬਰੰਗੀਆਂ ਮਹਿਕਾਂ
ਤੇ ਹਰਿਆਵਲਾਂ ਮੜ੍ਹਦਾ
ਫੁੱਲਾਂ ਦੇ ਗੁਲਸਤੇ ਧਰਦਾ
ਤੇਜ਼ ਹਵਾ ਦੇ ਵਗਣੋਂ ਡਰਦਾ

-0-

ਕਿੰਨਾ ਕੁੱਝ ਆਲੇ-ਦੁਆਲੇ
ਆਪ-ਮੁਹਾਰੇ ਬਦਲ ਗਿਆ ਹੈ
ਹੱਥਾਂ ਉਤੇ ਕਿੰਨੀਆਂ ਨਵੀਆਂ
ਲੀਕ੍ਹਾਂ ਫੁੱਟ ਆਈਆਂ ਹਨ

-0-

ਸੱਜਰੀ ਬਰਫ਼ ਤੇ
ਵਜੂਦ ਖ਼ਿਆਲਾਂ ਦੇ ਕਿੰਜ
ਪੋਲੇ ਪੋਲ਼ੇ ਤੁਰ ਰਹੇ ਹਨ
ਬਰਫ਼ 'ਚ ਜੰਮਕੇ ਚੁੱਪ ਹੋਏ ਜੋ
ਧੁੱਪ 'ਚ ਬੋਲ ਉਹ ਪੁੰਗਰ ਰਹੇ ਹਨ

-0-

ਪਰ ਅਸੀਂ ਮੀਲ ਪੱਥਰ ਹੋ
ਜੀਅ ਰਹੇ ਹਾਂ
ਮੀਲ ਪੱਥਰ ਹੋ ਮਰ ਰਹੇ ਹਾਂ
ਜ਼ਿੰਦਗੀ ਦੀ ਭਾਲ 'ਚ
ਸਹਿਰਾ ਤਰ ਹਰੇ ਹਾਂ
ਯਾਦ ਨਹੀਂ ਸਾਨੂੰ ਉਹ ਵਿਹੜਾ
ਜਿਸਦੀ ਅੱਖ 'ਚ
ਤੇਰੀ ਗੁੱਡੀ ਮੇਰਾ ਗੁੱਡਾ
ਅੱਖੀਆਂ ਵਿਚ ਅੱਖੀਆਂ ਪਾਈ
ਦਮ ਤੋੜ ਗਏ ਸਾਡੇ ਸਾਵੇਂ
ਦੇਹ ਦਾ ਸੱਚ ਸਾਡੇ ਪਛਾਵੇਂ

-0-

ਕਿੰਨੀ ਵਿੱਥ ਹੈ
ਇਕ ਦੂਜੇ ਦੇ ਸਾਹੀਂ ਵਸਦੇ
ਤੇ ਅਸੀਂ ਰੁੱਖ
ਲਾਹ ਕੇ ਰੂਹ ਤੋਂ ਛਿਲੜ ਵਰਗਾ ਪਿੰਡਾ
ਗਲ ਲੱਗ ਰੋ ਨਾ ਸਕੀਏ
ਇਕ ਦੂਜੇ ਦੇ ਸਨਮੁੱਖ
ਨੰਗ ਮੁਨੰਗੇ
ਰੇਤ ਸੰਗ ਲਿਬੜੇ ਬਚਪਣ ਦਾ
ਮੂੰਹ ਵੀ ਧੋ ਨਾ ਸਕੀਏ

-0-

ਆਪੋ ਆਪਣੀ ਥਾਂ ਤੇ ਸੱਜਣੀ
ਤੂੰ ਇਕ ਨਦੀ ਜੋ ਕੰਢਿਉਂ ਬਾਹਰ
ਮੈਂ ਤਿਰਹਾਇਆ ਸਾਗਰ
ਤੂੰ ਕਚੂਰ ਮਹਿੰਦੀ ਜਿਹੀ ਸੀਤਲ
ਮੈਂ ਪੱਥਰੀਂ ਅੱਗ ਸਮਾਇਆ ਸਾਗਰ
ਤੂੰ ਆਪੇ ਵਿਚ ਭਿੱਜ ਭਿੱਜ ਜਾਵੇਂ
ਮੈਂ ਇਕੋ ਡੀਕ ਮੁਕਾਇਆ ਸਾਗਰ

-0-

ਅੱਜ ਕੁੱਲੂ
ਕੁੱਝ ਐਸਾ ਮੌਸਮ ਹੈ
ਹਰਿਆਂ ਰੁੱਖਾਂ ਤੋਂ ਵੀ
ਪੱਤਰ ਝੜ ਰਹੇ ਹਨ।

-----

# ਸ਼ੀਸ਼ੇ ਦੀ ਕੁੱਖ

ਮੈਂ ਸ਼ੀਸ਼ੇ ਦੀ ਕੁੱਖ ਦਾ ਜਾਇਆ
ਮੇਰੇ ਅੰਕੁਰ ਵਿਚ ਹੀ ਮੇਰਾ ਪੁਰਖ ਸਮਾਇਆ

–0–

ਮੈਂ ਇਕ ਤਰਲ ਪਦਾਰਥ
ਪਿੰਡਾ ਜਿਸ ਦਾ
ਕੱਚ ਸੱਚ ਦੀ ਜੂਨ ਹੰਢਾਵੇ
ਮੈਂ ਕੱਚ ਗਰਭ ਦੇ ਵੀਰਜ
ਈਵ ਆਦਮ
ਮੇਰੇ ਚੋਂ ਮਨਫ਼ੀ ਹੋ ਜਾਏ
ਮੇਰੀ ਹੋਂਦ ਦਾ ਅੱਧ ਮਰ ਜਾਏ

–0–

ਅੱਧ ਜਲ ਮੇਰਾ
ਲਹੂ ਮਾਸ ਦਾ ਰੂਪ ਵਟਾਏ
ਲਹੂ ਮਾਸ ਦੇ ਹੱਥਾਂ ਦੀ ਛੋਹ
ਮੇਰੇ ਅੰਗੀਂ ਆ ਸਮਾਏ
ਅੱਖੀਆਂ ਤੱਕਿਆ ਜੀਭ ਰੋਈ
ਜਲ ਦੀ ਵਿਥਿਆ
ਅੱਧ-ਪਚੱਧੀ ਸਾਲਮ ਹੋਈ

–0–

ਮੇਰੀ ਮਾਂ
ਇਕ ਬੇਬੀ ਸਿਟਰ ਸੀ
ਸੁਬ੍ਹਾ ਸਵੇਰੇ ਰਾਤ ਹਨ੍ਹੇਰੇ
ਮੈਨੂੰ ਚੁੰਮਦੀ ਚੱਟਦੀ
ਸਾਂਭ ਕੇ ਰੱਖਦੀ
ਇਕ ਅਮਾਨਤ ਵਾਂਗੂੰ
ਰਾਤੀਂ ਜਦ ਦੋ ਹੱਥ ਓਪਰੇ
ਮੈਨੂੰ ਘਰ ਲੈ ਜਾਂਦੇ

ਛਿੱਲੜ ਤੋਂ ਤਣੇ ਤੀਕਣ
ਮਾਸ ਤੋਂ ਲੈ ਕੇ ਬੁੱਧੀ ਤਕ ਦਾ
ਚਿੱਟਾ ਦੁੱਧ ਹਨ੍ਹੇਰਾ
ਜਾਣ ਨਾ ਸਕਾਂ ਮੇਰੇ ਮੂੰਹ ਤੇ
ਕਿਸ ਸਾਏ ਦਾ ਚਿਹਰਾ
ਲਿੰਗ ਪੁਲਿੰਗ 'ਚ ਰੇਖਾ ਖਿਚਣੀ
ਪਾਣੀ ਨੂੰ ਅੱਗ ਲਾਉਣੀ
ਕੀ ਸਾਗਰ ਦੇ ਪਾਗਲਪਣ ਨੇ
ਆਪਣੀ ਪਿਆਸ ਬੁਝਾਉਣੀ

-0-

ਕੁੱਝ ਚਿਰ ਪਿੱਛੋਂ
ਮੇਰੀਆਂ ਉਂਗਲਾਂ ਦੇ ਨੌਂਹ ਉੱਗੇ
ਪਰ ਨੈਣ ਮੇਰੇ ਫਿਰ ਵੀ ਤ੍ਰਿਹਾਏ
ਰੂਹ ਮੇਰੀ ਨੂੰ ਦੇਹ ਮੇਰੀ ਚੋਂ
ਅਪਣੱਤ ਦੀ ਸੁਗੰਧ ਨਾ ਆਏ
ਚਾਰ ਚੁਫੇਰੇ ਬਚਪਨ ਰੁੱਤ
ਤੇ ਸਭ ਪਰਾਏ

-0-

ਫਿਰ ਮੈਨੂੰ ਕਾਨੂੰਨਾਂ ਵੰਡਿਆ
ਪਾਟੇ ਰੁੱਖ ਦੇ ਵਾਂਗੂੰ
ਉਹ ਦੋ ਹੱਥ ਕੰਡਾ ਜੋੜੀ
ਤੇ ਮੂੰਹ ਮੋੜੀ
ਐਸੇ ਉਲਟ ਦਿਸ਼ਾਈ ਹੋਏ
ਜਿਉਂ ਬੁਢਾਪਾ ਬਚਪਨ ਨੂੰ ਰੋਏ
ਨੈਣੀਂ ਉਮਰ ਦੇ ਅੱਥਰੂ ਟਪਕਣ
ਪੂੰਝਣ ਵ੍ਹਾਲਾ ਕੋਈ ਨਾ ਹੋਏ

-0-

ਹੁਣ ਮੈਂ ਅੱਜ ਹਾਂ
ਹੁਣ ਮੈਂ ਅੱਜ ਲਹੂ ਮਾਸ ਹਾਂ
ਜਲ ਨਾਲ ਭਰਿਆ
ਸਮੁੰਦਰੀ ਬਸ 'ਚ
ਮੇਰੇ ਨਾਲ ਮੇਰੀ ਸਹਿਪਾਠਣ
ਸਾਲ ਸੋਹਲਵਾਂ
ਕੁਕਨੂਸ ਜਿਹੀ ਸ੍ਵਯੰਭੂ ਹੈ
-0-
ਜਦ ਵੀ ਪੁੱਛੋ ਤਾਂ ਕਹਿੰਦੀ ਹੈ
ਮੈਂ ਜਪਾਨਣ ਤੇਰੀ ਹਾਨਣ
ਅੱਖ਼ੀਆਂ ਵਿਚ ਸੁਰਮਈ ਚਾਨਣ
ਮਸਤੀ ਹਸਤੀ
ਹਸਤੀ ਮਸਤੀ
ਲੋਹੇ ਦਾ ਅੰਬਰ ਸੋਨੇ ਦੀ ਧਰਤੀ
ਖੇੜੇ ਦੀਆਂ ਕੰਧਾਂ
ਇਕੋ ਘਰ ਪਿਆ ਲਗੇ ਬਸਤੀ
-0-
ਉਭਾ ਜਦ
ਉਹ ਸਾਹ ਭਰਦੀ ਹੈ
ਪਾਣੀ ਤੇ ਹਵਾ ਤਰਦੀ ਹੈ
ਚੁੰਮਣਾਂ ਦੇ ਸੰਗ ਮਾਂਜੇ ਹੋਠ
ਰੰਗ ਗੁਲਾਬੀ
ਗੱਲ੍ਹੀਂ ਟੋਇਆਂ ਦਾ ਕੀ ਦੋਸ਼
ਮੁੱਠ 'ਚ ਲੱਕ ਫੜੋ ਤੇ ਜਾਣੋ
ਹੁਸਨ ਭੁਲਾਉਂਦਾ ਹੈ ਕਿੰਜ ਹੋਸ਼
-0-

ਇਹ ਮੇਰਾ ਹੁਣ ਦਾ ਪਲ ਹੈ
ਜਿੱਧਰ ਵੇਖੋ ਜਲ ਹੀ ਜਲ ਹੈ
ਪੈਰ ਵੀ ਮੇਰੇ ਰਾਹ ਵੀ ਮੇਰੇ
ਜਿਸਮ ਵੀ ਮੇਰਾ ਸਾਹ ਵੀ ਮੇਰੇ
ਆਪਣੇ ਵਿਚ ਵੜਕੇ ਤੱਕਿਆ
ਆਪਣੇ ਆਪ ਤੇ ਖੜ੍ਹ ਕੇ ਤੱਕਿਆ
ਚਾਰ ਚੁਫੇਰੇ
ਕਿੱਧਰੇ ਵੀ ਸੂਰਜ ਨਹੀਂ ਡੁੱਬਦਾ
ਦਿਸਹੱਦੇ ਤਕ ਨਜ਼ਰ ਨਾ ਆਵਣ
ਕਿਤੇ ਹਨ੍ਹੇਰੇ

-0-

ਮੈਂ ਸ਼ੀਸ਼ੇ ਦੀ ਕੁੱਖ ਦਾ ਜਾਇਆ
ਮੇਰੇ ਅੰਕੁਰ ਵਿਚ ਹੀ
ਮੇਰਾ ਪੁਰਖ ਸਮਾਇਆ

----

# ਸ਼ੋਰ ਮਸ਼ੀਨੀ

ਸ਼ੋਰ ਮਸ਼ੀਨੀ
ਇੰਜ ਲੱਗਦਾ ਹੈ
ਜਿਉਂ ਕੋਈ ਅਲਗੋਜ਼ਾ ਵਜਦੈ
ਤੇ ਹੱਥਾਂ ਦੀਆਂ ਤਲੀਆਂ ਉੱਤੇ
ਮੁੜ੍ਹਕੇ ਦਾ ਕੋਈ ਸਾਗਰ ਤਰਦੈ

-0-

ਬੁੱਧ ਅੰਬਰ ਚੋਂ ਸੂਰਜ ਉੱਗੇ
ਤੇ ਚਾਨਣ ਧਰਤੀ ਤੇ ਪੁੱਗੇ
ਹਵਾ ਕਿਵੇਂ ਗੱਲਾਂ ਹੈ ਕਰਦੀ
ਪਾਣੀ ਦਾ ਪਤਲਾਪਣ ਕੀ ਹੈ
ਮਾਨਵ ਨੇ ਇਹ ਸਿਰਜ ਲਿਆ ਹੈ

-0-

ਕਵਿਤਾ ਦੀ ਗੱਲ
ਕੰਪਿਊਟਰ ਵਿਚ ਹੋ ਸਕਦੀ ਹੈ
ਕਵਿਤਾ ਦੀ ਸੂਖ਼ਮ ਪ੍ਰਕਿਰਤੀ
ਲੋਹੇ ਦੇ ਵਿਚ ਢਲ ਸਕਦੀ ਹੈ
ਖਲਾਅ 'ਚ
ਉੱਡਦੇ ਮਨ ਦੇ
ਬੋਲ ਸੰਭਾਲੇ ਜਾ ਸਕਦੇ ਹਨ
ਸੂਝ-ਗਤੀ ਸੰਗ
ਹੋਰ ਵੀ ਸੂਹੇ ਫੁੱਲ
ਸਮੇਂ ਨੂੰ ਆ ਸਕਦੇ ਹਨ

-0-

ਬੰਦਾ ਚੰਨ 'ਤੇ
ਸਦੀਆਂ ਪਹਿਲਾਂ ਵੀ ਵਸਦਾ ਸੀ
ਤੇ ਕਈ ਵਾਰੀ
ਦੇਹ ਆਪਣੀ ਦੀ ਲੱਜ ਵੱਟਦਾ ਸੀ

ਸਾਹਾਂ ਦੀ ਪ੍ਰਕਰਮਾਂ ਕਰਕੇ
ਪੌਣਾਂ ਦੇ ਸੰਗ ਜਾ ਰਲਦਾ ਸੀ

-0-

ਉਸ ਮੇਰੀ
ਗੂੰਗੀ ਮਿੱਤਰ ਕੋਲ
ਅਰਥ ਤਾਂ ਸਨ ਬੋਲ ਨਹੀਂ ਸਨ
ਰਾਤੀ ਮੈਨੂੰ
ਤਸਵੀਰੀ ਫੋਨ ਤੇ ਦਸ ਰਹੀ ਸੀ
ਨਿੰਮਾ ਨਿੰਮਾ
ਅੱਖੀਆਂ ਦੇ ਵਿਚ ਅੱਖੀਆਂ ਪਾ ਕੇ
ਹੱਸ ਰਹੀ ਸੀ
ਮੁੱਦਤਾਂ ਪਿਛੋਂ ਆਪਣੇ ਆਪ ਨੂੰ
ਪਹਿਲੀ ਵਾਰੀ ਅੱਜ ਸੁਣਿਆ ਹੈ

-0-

ਸ਼ੋਰ ਮਸ਼ੀਨੀ
ਇੰਜ ਲੱਗਦਾ ਹੈ
ਜਿਉਂ ਕੋਈ ਅਲਗੋਜਾ ਵਜਦੈ
ਤੇ ਹੱਥਾਂ ਦੀਆਂ ਤਲੀਆਂ ਉਤੇ
ਮੁੜ੍ਹਕੇ ਦਾ ਕੋਈ ਸਾਗਰ ਤਰਦੈ

----

# ਜ਼ਿਹਨ ਕੰਪਿਊਟਰ 'ਚ

ਜ਼ਿਹਨ ਕੰਪਿਊਟਰ 'ਚ
ਧਰ ਰਿਹਾ ਹੈ ਆਦਮੀ
ਦਿਨ ਵੱਡਾ ਰਾਤ ਨਿੱਕੀ
ਕਰ ਰਿਹਾ ਹੈ ਆਦਮੀ

–0–

ਹੀਰੋ ਸ਼ੀਮਾ
ਨਾਗਸਾਕੀ ਚੋਂ
ਹੁਣ ਵੀ ਜਦ ਲੰਘੇ ਹਵਾ
ਝੁਲਸ ਜਾਏ ਕੂਲਾ ਪਿੰਡਾ ਉਸ ਦਾ

–0–

ਵੀਅਤਨਾਮੀ
ਧਰਤ ਦੀ ਧੁੱਖਦੀ ਗਰਭ
ਤਰਸਦੀ ਹੈ
ਅਮਨ ਦੀ ਇਕ ਬੂੰਦ ਲਈ
ਹਰਿਆਵਲ ਰੁੱਖਾਂ ਦੀ ਚੋਂ
ਸਿੰਮਦਾ ਲਹੂ
ਦੂਰ ਤਕ ਫੈਲਿਆ
ਅੱਗ ਦਾ ਦਰਿਆ ਹੈ
ਨਜ਼ਰ ਦਾ ਗੋਲਾ ਕਬੂਤਰ
ਸ਼ਾਖ਼ ਕਿਹੜੀ ਹੈ ਬਊ

–0–

ਭਾਫ਼ ਵਿਚ
ਜੋ ਵਟ ਗਿਆ ਸਾਰਾ ਸਮੁੰਦਰ
ਜ਼ਖੀਰਿਆਂ ਦੀ
ਸੁੰਦਰਤਾ ਕਿੱਥੇ ਰਹੂ
ਅੰਗਿਆਰਿਆਂ ਦਾ ਸੇਕ ਤਿੱਖਾ
ਵੱਡੇ ਸੂਰਜਾਂ ਤੋਂ

ਪਾਰਦਰਸ਼ੀ
ਸੋਹਲ ਪਿੰਡਾ ਸਾਗਰੇ ਦਾ
ਕਿੰਜ ਸਹੂ

-0-

ਆਦਮੀ
ਜਦ ਤੱਕ ਆਪਣਾ ਮਾਪ ਦਾ
ਜਾਂ
ਆਪਣੇ ਸਾਵੇਂ ਖਲੌ ਕੇ ਵੇਖਦਾ
ਫੂਕਦਾ ਕੁੱਲੀਆਂ ਦੇ ਕੱਖ
ਤੇ ਨਜ਼ਰ ਆਪਣੀ ਸੇਕਦਾ

-0-

ਪਰਬਤਾਂ ਨੂੰ ਚੀਰਨਾ
ਤਾਂ ਬਹੁਤ ਪਿੱਛੇ ਰਹਿ ਗਿਆ
ਹੁਣ ਤਾਂ
ਟੋਟੇ ਹਵਾ ਦੇ ਕਰ ਰਿਹਾ ਹੈ ਆਦਮੀ
ਆਸਮਾਂ ਮੁੱਠੀ 'ਚ ਲੈ ਕੇ
ਖੋਡ ਉਤਲੀ ਦਾੜ ਦੀ
ਧਰਤ ਨਾਲ ਭਰ ਰਿਹਾ ਹੈ ਆਦਮੀ
ਸਾਹ ਲਓ ਤੇ ਭੁੱਖ ਮਰ ਜਾਏ
ਮਨੁੱਖਤਾ ਸਿਰ
ਕਰਜ਼ੇ ਹਮਦਰਦੀਆਂ ਦੇ
ਕਰ ਰਿਹਾ ਹੈ ਆਦਮੀ

-0-

ਜ਼ਿਹਨ ਕੰਪਿਊਟਰ 'ਚ
ਧਰ ਰਿਹਾ ਹੈ ਆਦਮੀ
ਦਿਨ ਵੱਡਾ ਰਾਤ ਨਿੱਕੀ
ਕਰ ਰਿਹਾ ਹੈ ਆਦਮੀ

----

## ਨਾ ਦਸ਼ਰਥ ਨਾ ਰਾਮ

ਤੇਰੇ ਬਿਨ
ਬਨਵਾਸ ਹੈ ਮਾਂ
ਪਰ ਬਾਪੂ ਦਸ਼ਰਥ ਨਹੀਂ ਮੇਰਾ
ਨਾ ਹੀ ਮੈਂ ਰਾਮ ਹਾਂ

–0–

ਤੇਰੇ ਨੌਂਹਾਂ ਚੋਂ ਅਜੇ ਵੀ ਮੈਨੂੰ
ਆਪਣੀ ਤਰਲਤਾ ਦੀ ਗੰਧ
ਆਉਂਦੀ ਹੈ
ਤੂੰ ਜੇ ਆਪਣੇ ਆਪ ਨੂੰ
ਮੇਰੀ ਅੱਖ ਚੋਂ ਵੇਖੇਂ
ਤਾਂ ਜਾਣੇ ਤਣੇ ਤੇ ਛਿੱਲੜ
ਖਲਾਅ ਤੇ ਜਿਸਮ ਵਿਚਲਾ
ਸ਼ਬਦਾਂ ਦਾ ਫ਼ਰਕ
ਅਰਥਾਂ ਦਾ ਕਤਲ

–0–

ਮੈਂ ਸੂਲਾਂ ਤੇ ਮੂਧੜੇ ਮੂੰਹ ਪਿਆ
ਸੋਚਦਾ ਹਾਂ
ਕਦੋਂ ਤੇਰੀ ਬਖ਼ਸ਼ੀ ਸੀਤਾ
ਮੇਰੀ ਪਿੱਠ ਤੇ ਪੈਰ ਧਰ
ਗੁਜ਼ਰੇਗੀ ਲੰਕਾ ਨੂੰ
ਤੇ ਮੇਰੀ ਦੇਹ ਨੂੰ ਛੁਟਕਾਰਾ ਮਿਲੇ
ਅਯੁੱਧਿਆ ਪਰਤ ਜਾਣ ਲਈ
ਕਿਸੇ ਰਸਾਇਣਕ
ਰਮਾਇਣਕ ਯੁੱਧ ਤੋਂ ਬਿਨਾਂ

–0–

ਤੂੰ ਜਾਣਦੀ ਹੈਂ
ਮੈਨੂੰ ਦੇਸੂ ਸ਼ਾਹ ਦੀ ਗੁੜਤੀ ਹੈ
ਜੋ ਚੂਹਾ ਪੈਂਸਲ ਨਾਲ ਮਾਰਦਾ ਸੀ

ਸਿਰ ਦੇ ਕੇ ਬੁੱਕਲ 'ਚ
ਵੈਰੀ ਨੂੰ ਲਲਕਾਰਦਾ ਸੀ

-0-

ਤੂੰ ਮੈਨੂੰ ਖ਼ਤ 'ਚ
ਸਾਉ ਲਿਖਵਾਉਂਦੀ ਹੈਂ
ਸਾਉ ਨਹੀਂ ਹਾਂ
ਮੈਂ ਤਾਂ ਰਾਵਣ ਦੀ ਨੱਕ ਤੇ
ਨੱਚ ਰਿਹਾ ਨੰਗਾ ਕਾਮ ਹਾਂ
ਦੇਸੂ ਦੀ ਚਿੱਟੀ ਟੋਪੀ ਹੇਠਲੇ
ਸਿਰ ਦੀ ਖੱਬੀ ਖੁਰਕ ਹਾਂ
ਜੋ ਇਕ ਗੁੜ ਦੀ ਰੋੜੀ ਬਦਲੇ
ਆਪਣੀ ਧੀ ਦਾ ਪੁੱਤ
ਬਣ ਜਾਂਦਾ ਸੀ
ਗੋਦੀ 'ਚ ਖੇਡਣ ਲਈ
ਥਣੀਆਂ ਤੋੜਣ ਲਈ

-0-

ਮੈਂ ਆਗਿਆਕਾਰੀ
ਪੁੱਤਰ ਦੇ ਫ਼ਤਵੇ ਹੇਠ
ਜੰਗਲ ਮਿੱਧਣਾ ਨਹੀਂ ਚਾਹੁੰਦਾ
ਸਗੋਂ ਇਕ ਪਤਨੀ ਤੋਂ ਦੂਜੀ
ਦੂਜੀ ਤੋਂ ਤੀਜੀ
ਇਸ ਤੋਂ ਅੱਗੇ
ਬਿੰਦੀਆਂ ਤਕ ਪਹੁੰਚਣਾ
ਚਾਹੁੰਦਾ ਹਾਂ
ਸੋਲਾਂ ਕਲਾ ਸੰਪੂਰਨ ਹੋ ਕੇ

-0-

ਮਾਂ
ਇਸ ਦਰਮਿਆਨ

ਜ਼ਿੰਦਗੀ ਦੇ ਅਰੁੱਝੇ ਪਲ
ਉਪਰ ਵਸ ਰਹੀ
ਉਸ ਗੋਰੀ ਕੰਜਕ ਨਾਲ
ਗੁਜ਼ਾਰਨਾ ਚਾਹੁੰਦਾ ਹਾਂ
ਜੋ ਪਤਨੀ ਨਾ ਮਾਂ
ਸਗੋਂ ਸਾਂਝੇ ਕਾਨੂੰਨ ਅਧੀਨ
ਕਾਮ ਤ੍ਰਿਪਤੀ ਦੀ ਇਛੁੱਕ ਹੈ
ਤੇ ਮੈਂ ਪਤੀ, ਬਾਪ ਦਾ ਮਾਖੌਟਾ ਉਤਾਰ
ਇਸ ਅੱਗ ਦੀ ਨਦੀ ਨੂੰ
ਕੰਢਿਆਂ ਤੀਕਣ ਡੀਕਣ ਲਈ
ਮਰ ਨਹੀਂ ਸਗੋਂ ਜੀਅ ਰਿਹਾ ਹਾਂ

-0-

ਵਿਹਲੀ ਜ਼ਿੰਦਗੀ
ਦੇ ਪੜਾਅ ਦਾ ਸੰਪਰਕ
ਤੇਰਾ ਇਹ ਪੱਤਰ ਆਉਣ ਤੋਂ ਪਹਿਲਾਂ
ਖ਼ਤਮ ਹੋ ਗਿਆ ਹੈ
ਬਿਨਾਂ ਕਿਸੇ ਫੁੱਲ ਖਿੜਣ ਦੇ
ਬਿਨਾਂ ਕਿਸੇ ਕਲੀ ਮਹਿਕਣ ਦੇ
ਚੰਨ ਚੜ੍ਹਣ ਦੇ
ਆਖ਼ਰ ਤੇਰਾ ਲਾਲ ਗੋਪਾਲ
ਚਿੱਟੇਂ ਚੰਮ ਲਈ
ਤਾਂ ਚਰਿੱਤਰਹੀਣ ਨਹੀਂ ਹੋ ਸਕਦਾ

-0-

ਉਹ ਕੰਜਕ
ਇਕ ਬੁੱਢੇ ਬ੍ਹੋਹੜ ਦੀਆਂ ਜੜ੍ਹਾਂ ਚੂਸਦੀ
ਦੁੱਧ ਦੇ ਬਹਾਨੇ
ਮੁਦਰਾ ਭਾਲ ਰਹੀ
ਅਜੇ ਵੀ

ਮੇਰੀ ਉਤਲੀ ਛੱਤੇ ਵਸ ਰਹੀ ਹੈ
ਤੇਰੇ ਪੁੱਤਰ ਦੇ ਜੁੱਸੇ ਤੇ ਹੱਸ ਰਹੀ ਹੈ
ਕਿ ਇਸ ਉਮਰ 'ਚ ਵੀ
ਕਿੰਨਾ ਥੱਕਿਆ ਹੋਇਆ ਹੈ
ਤੇਰਾ ਮੋਰ-ਮੁਕਟੀਆ

-0-

ਈਸਾ ਦੇ ਦੁਆਰਾ ਜੰਮਨ ਤੇ
ਉਸ ਮੈਨੂੰ
ਇਕ ਨਿੱਘਾ ਕਾਰਡ ਦਿੱਤਾ ਹੈ
ਤਾਂ ਕਿ ਮੇਰਾ ਜੁੱਸਾ ਗਰਮ
ਰਹਿ ਸਕੇ
ਤੇ ਰੁੱਝੀ ਜ਼ਿੰਦਗੀ
ਵਿਹਲੇ ਖੰਭ ਲਾ ਕੇ
ਪਤਨੀ ਤੋਂ ਮਾਂ
ਮਾਂ ਤੋਂ ਪਤਨੀ ਤਕ ਦਾ ਸਫ਼ਰ
ਤਹਿ ਕਰ ਸਕੇ
ਸਭਿਅਕ ਲੋਕਾਂ ਵਾਂਗ
ਜੋ ਪੁੱਤਰ ਚੋਂ ਪਤੀ
ਪਤੀ ਚੋਂ ਪੁੱਤਰ ਹੰਢਾਅ ਵੀ ਲੈਂਦੇ ਹਨ
ਤੱਕ ਵੀ ਲੈਂਦ ਹਨ

-0-

ਤੇਰੇ ਬਿਨ
ਬਨਵਾਸ ਹੈ ਮਾਂ
ਪਰ ਬਾਪੂ ਦਸ਼ਰਥ ਨਹੀਂ ਮੇਰਾ
ਨਾ ਹੀ ਮੈਂ ਰਾਮ ਹਾਂ

-----

# ਵਿਚਲੇ ਰੁੱਖ ਦੀ ਛਾਂ

ਆਪਣੇ ਵਿਚਲੇ ਰੁੱਖ ਦੀ ਛਾਵੇਂ
ਜਦ
ਕਦੀ ਵੀ ਬੈਠਾ ਹਾਂ ਤਪ ਗਿਆ ਹਾਂ

-0-

ਕਿੰਨਾ ਜੀਵਨ
ਇਸ ਦੇਹੀ ਵਿਚ ਵਸ ਰਿਹਾ ਹੈ
ਮੇਰਾ ਆਪਾ
ਵਿਚਲੇ ਪਿੱਛੇ ਨੱਸ ਰਿਹਾ ਹੈ
ਮੇਰਾ ਵਿਚਲਾ ਅੱਖ੍ਹਾਂ ਸਾਹਵੇਂ
ਪਰਛਾਵੇਂ ਦੀ ਅਸਲੀਅਤ ਵਿਚ
ਵਸ ਰਿਹਾ ਹੈ

-0-

ਪਰਛਾਵਾਂ ਜੋ ਮੁੱਠ 'ਚ ਫੜਦਾਂ
ਆਪਣੇ ਅਸਤਿਤਵ ਤੋਂ ਡਰਦਾਂ
ਮੋਮ ਵਾਂਗ ਇਹ ਢਲ ਨਾ ਜਾਵੇ
ਪਰਛਾਵੇਂ ਵਿਚ ਰਲ ਨਾ ਜਾਵੇ
ਆਪਣੀ ਹੋਂਦ ਗੁਆ ਨਾ ਬੈਠਾਂ
ਚੇਤਨ ਬੁੱਧ ਦੀ ਜਗਦੀ ਜੋਤੀ
ਮਨ ਚੰਚਲਤਾ ਦਾ ਭਰਮਾਇਆ
ਆਪਣੇ ਆਪ ਬੁਝਾ ਨਾ ਬੈਠਾਂ

-0-

ਉਠ ਮਨਾ
ਤੂੰ ਜੀਵਨ ਦੀ ਅਭਟਕਣ ਤੋਂ
ਕੀ ਲੈਣਾ ਹੈ
ਛਾਵਾਂ ਦੇ ਮੋਹ
ਧੁੱਪ ਦੀ ਉਮਰੇ ਕੌਣ ਹੰਢਾਉਂਦੇ

ਤਪਦੇ ਥਲ ਦੇ ਲੰਬੇ ਪੈਂਡੇ
ਸਾਗਰ ਤਰਕੇ ਕੌਣ ਮੁਕਾਉਂਦੈ

-0-

ਕੰਪਿਊਟਰ
ਆਲਸ ਤੇ ਥੁੱਕਦਾ ਹੈ
ਕੰਪਿਊਟਰ ਦਾ ਸਿਰਜਣਹਾਰਾ
ਛਾਵਾਂ ਤੱਕ ਕੇ ਕਦ ਰੁਕਦਾ ਹੈ
ਕਬਰਾਂ ਦੀ ਖ਼ਾਮੋਸ਼ੀ ਅੰਦਰ
ਕਿਹੜਾ ਸੁੱਖ ਹੈ
ਕਬਰਾਂ ਦੀ ਮਿੱਟੀ ਸੰਗ
ਕਿਸ ਨੇ ਘਰ ਲਿੱਪਿਆ ਹੈ
ਜ਼ਿੰਦਗੀ ਸੋਧ-ਮਈ
ਇਕ ਵੇਗ ਦਾ ਨਾਂਅ ਹੈ
ਗੁੰਗੀ ਜੀਭਾ ਕੀ ਬੋਲੇਗੀ
ਮਨ ਦੇ ਘੋੜੇ ਤੇ ਬਹਿ ਕਿੱਧਰੇ
ਜੀਭਾ ਤੇ ਚੁੱਪ ਧਰ ਨਾ ਬੈਠੀਂ
ਭਟਕਣ ਹੱਥੋਂ ਛੱਡ ਨਾ ਬੈਠੀਂ
ਅਭਟਕਣ ਨੂੰ ਫੜ ਨਾ ਬੈਠੀਂ

-0-

ਹਵਾ ਹਮੇਸ਼ਾ ਹੀ ਵਗਦੀ ਹੈ
ਦਰਿਆ ਕਦੀ ਖੜਿਆ ਹੈ ਦੱਸ ਖਾਂ
ਸੂਰਜ ਨੇ ਕਦ
ਤਲੀ ਤੇ ਦੀਵਾ ਧਰਿਆ ਦੱਸ ਖਾਂ
ਪਾਟੀ ਸੋਚ ਤੇ ਟਾਕੀ ਲਾ ਕੇ
ਸ਼ੀਸ਼ਾ ਮੇਰੇ ਆਪੇ ਉੱਤੇ ਹੱਸ ਰਿਹਾ ਹੈ
ਪੱਥਰਾਂ ਵਿਚ ਗਤੀਆਂ ਧਰ ਰਿਹਾ ਹੈ
ਰੁੱਖਾਂ ਨੂੰ ਤੁਰਨਾ ਦੱਸ ਰਿਹਾ ਹੈ

-0-

ਪੈਰਾਂ ਵਿਚਲੀ ਆਹਟ
ਤਰਲੋਮੱਛੀ ਹੋ ਰਹੀ ਹੈ
ਜ਼ਿੰਦਗੀ ਦੇ ਇਕ ਮੋਏ
ਪਲ ਤੇ ਰੋ ਰਹੀ ਹੈ
ਇਸ ਰੁੱਖ ਹੇਠਾਂ
ਦੂਜਾ ਸਾਹ ਜੋ ਤੂੰ ਭਰਿਆ
ਸਮਝ ਲਵੀਂ ਫਿਰ
ਆਪਣੀ ਮੌਤੇ ਆਪੇ ਮਰਿਆ

-0-

ਆਪਣੇ ਵਿਚਲੇ
ਰੁੱਖ ਦੀ ਛਾਂਵੇਂ
ਜਦ ਕਦੀ ਵੀ ਬੈਠਾ ਹਾਂ
ਤਪ ਗਿਆ ਹਾਂ

----

## ਅਸ਼ੀਰਵਾਦ

"ਘੁਲਿਆ
ਜੁਆਨੀਓਂ ਟੁੱਟੇ ਗੋਲੀ ਲਗਣਿਆਂ
ਮੈਨੂੰ ਤਾਨੈ
ਸਾਰੀ ਉਮਰ ਤਪਦਾ ਰਹੇ"

-0-

ਤੇਰਾ ਸਰਾਪ
ਕਿਵੇਂ ਵਰ ਵਿਚ ਬਦਲ
ਗਿਆ ਹੈ ਮਾਂ
ਮੈਂ ਨਿੱਘੀਆਂ ਕੰਧਾਂ
ਤੇ ਤਪਦੇ ਛੱਤ ਹੇਠਾਂ ਵੀ
ਕਿੰਨਾ ਠਰ ਰਿਹਾ ਹਾਂ ਮਾਂ
ਜੇ ਨਿੱਘ ਹੈ
ਤਾਂ ਤੇਰੇ ਉਨ੍ਹਾਂ ਬੋਲਾਂ 'ਚ
ਜੇ ਸੁੱਖ ਹੈ
ਤਾਂ ਤੇਰੀ ਉਸ ਛਿਟੀ 'ਚ
ਜੋ ਵਿਹੜੇ 'ਚ ਲਿਟਦੇ ਨੂੰ ਝੰਭ
ਦਿੰਦੀ ਸੀ
ਕਦੀ ਨਵੇਂ ਝੱਗੇ ਦੀ ਅੜੀ ਤੇ
ਕਦੀ ਇਕ ਟੱਕੇ ਦੀ ਖ਼ਾਤਿਰ

-0-

ਮੈਨੂੰ ਯਾਦ ਹੈ
ਹੁਣ ਵੀ ਉਹ ਛੱਬੀ ਜਨਵਰੀ
ਜਦੋਂ ਤੂੰ
ਮੇਰੇ ਕੇਸਾਂ ਦਾ ਰੁਗ ਭਰਿਆ
ਤੇ ਰੂੜੀ ਤੇ ਜਾ ਸੁਟਿਆ

ਬੜਾ ਚਿਰ
ਤੂੰ ਘਰ ਨਹੀਂ ਪਰਤੀ ਉਸ ਦਿਨ
ਬਹਿ ਕੇ ਰੂੜੀ ਦੇ ਓਹਲੇ
ਵਲਕੇ ਚੁੱਪ ਚੌਗਿਰਦੇ ਆਪਣੇ
ਤਕ ਰਹੀ ਸੈਂ
ਮੇਰੇ ਵਾਲਾਂ ਦੀਆਂ ਗੁੱਛੀਆਂ
ਹਵਾ ਸੰਗ ਉੱਡਦੀਆਂ
ਤੇ
ਕੋਈ ਅਭਾਸ਼ਾ ਬੋਲਦੀ ਨੂੰ
ਤ੍ਰਕਾਲਾਂ ਪੈ ਗਈਆਂ ਸਨ
ਸ਼ਾਮ ਦੇ ਮੋਢੀ ਰਾਤਾਂ ਲੈ ਪਈਆਂ ਸਨ
ਉਦੋਂ ਸ਼ਾਇਦ
ਤੂੰ ਸਰਾਪ ਨੂੰ ਹੰਢਾਅ ਰਹੀ ਸੈਂ
ਤੇ ਵਰ ਹੁੰਦੀ ਜਾ ਰਹੀ ਸੈਂ

-----

## ਆਪਣੇ ਰਾਹ

ਆਪਣੇ ਆਪ
ਨਾਲ ਧੋਖਾ ਕਰਨਾ
ਤੇ ਲੋਕਾਂ ਦਾ ਮੂੰਹ ਰੱਖਣਾ
ਕਿਸ ਕਿਸਮ ਦਾ ਸੱਚ ਹੈ ਮਿੱਤਰ
ਤੇਰੀ ਬਾਂਹ ਮੇਰੀ ਗਰਦਨ ਤੇ
ਪਲ ਦੀ ਪਲ ਹੈ
ਪਤਾ ਨਹੀਂ ਕਿਹੜੇ ਪਲ
ਕਿਸ ਬੁੱਲ੍ਹੇ ਨਾਲ
ਉੱਠ ਪਏ ਵਿਰੋਧੀ ਧੂੰਆਂ
ਮੱਚ ਜਾਏ ਤਕਸੀਮੀ ਅੱਗ
ਤਿੜਕ ਜਾਏ ਆਦਮ ਕੱਦ ਸ਼ੀਸ਼ਾ
ਡੁੱਬ ਜਾਏ ਤਸਵੀਰੀ ਸੂਰਜ
ਕਰ ਰਿਹੈ ਜੋ ਜਗ-ਮਗ-ਜਗ

-0-

ਇਹ ਮੇਰਾ
ਪਹਿਲਾ ਪਤੀ ਹੈ
ਇਕ ਚੁੰਮਣ ਵਿਚ ਪੀ ਜਾਂਦਾ ਸੀ
ਸਾਰੀ ਵਿਸ਼
ਪਰ ਮੈਂ
ਇਸਦੇ ਕਾਲੇ ਬੱਚੇ ਦੀ
ਮਾਂ ਬਣਨਾ ਨਹੀਂ ਚਾਹੁੰਦੀ ਸਾਂ
ਕੁੱਖ ਦੀ ਪੀੜਾ ਮਨ ਦੇ ਆਖੇ
ਜ਼ਿਹਨ ਹੰਢਾਉਣਾ ਨਹੀਂ ਚਾਹੁੰਦੀ ਸਾਂ

-0-

ਇਹ ਮੇਰਾ ਦੂਜਾ ਪਤੀ ਹੈ
ਸ਼ੇਸ਼ ਨਾਗ ਹੈ

ਚੌਵੀ ਘੰਟੇ ਤੱਤਾ ਰੱਖਦੈ
ਆਪਣਾ ਜੁੱਸਾ
ਫਿਰ ਛਡਦੈ ਹੱਡਾਂ ਚੋਂ ਤਾਅ
ਮੈਂ ਵੀ ਸੱਪਣੀ ਭੂਰੇ ਥਲ ਦੀ
ਪਹਿਲੀ ਸਾਂਝ ਤੇ ਵੱਖਰੇ ਰਾਹ

–0–

ਪਹਿਲੇ ਪਤੀ ਦੀ ਲੱਥੀ ਕੂੰਜ ਨੂੰ
ਹਿੱਕ ਨਾਲ ਲਾ
ਨਵੇਂ ਪਤੀ ਦੀ ਸੇਜੇ
ਪਤਨੀ ਆਪਣੇ ਅੰਗ ਉਭਾਰ ਰਹੀ
ਆਪਣੇ ਤੱਤੇ ਬੀਤੇ ਖ਼ਾਤਰ
ਆਪਣੇ ਹੁਣ ਨੂੰ ਠਾਰ ਰਹੀ ਹੈ
ਕੋਈ ਜ਼ਿੰਦਗੀ ਨੂੰ ਭਰ
ਕੋਈ ਖ਼ਾਲੀ ਕਰ ਰਿਹਾ ਹੈ
ਜੀਵਨ ਵਿਚ
ਕੋਈ ਪੁੱਠੀ ਕੋਈ ਸਿੱਧੀ
ਤਾਰੀ ਤਰ ਰਿਹਾ ਹੈ
ਕੌਣ ਠੀਕ ਹੈ ਕੌਣ ਗ਼ਲਤ ਹੈ
ਕੋਈ ਚਿੰਤਾ ਨਹੀਂ
ਆਪਣੀ ਆਪਣੀ ਸੋਚ ਮੁਤਾਬਕ
ਹਰ ਕੋਈ ਆਪਾ ਭਰ ਰਿਹਾ ਹੈ

–0–

ਦੇਖੋ ਬਿਜਲਈ ਕੰਬਲ
ਵਿਚ ਕਿੰਨੀ ਠੰਡ ਹੈ
ਕਲ੍ਹ ਜਿਹਦਾ ਮੂੰਹ ਮੇਰੇ ਵਲ ਸੀ
ਅੱਜ ਮੇਰੇ ਵੱਲ ਉਸਦੀ ਕੰਡ ਹੈ

ਉਸਦੀ ਅੱਖ ਤੇ ਰਤਾ ਵੀ ਨਮ ਨਹੀਂ
ਮੇਰਾ ਅੱਥਰੂਆਂ ਤੇ ਦਮ ਹੈ

-0-

ਉਹੀ ਹੈ ਬਿਸਤਰ ਦੀ ਧਰਤੀ
ਉਹੀ ਹੈ ਕੰਬਲ ਦਾ ਅੰਬਰ
ਉਹੀ ਹਨ ਪਰਦੇ ਤੇ ਕੰਧਾਂ
ਉਹੀ ਹਨ ਫ਼ਰਸ਼ ਤੇ ਛੱਤਾਂ
ਉਹੀ ਹੈ ਘਰ ਤੇ ਵਿਹੜਾ
ਸੀ ਕਦੀ ਇਕੱਠਿਆਂ ਦਾ ਜਿਹੜਾ

-0-

ਪਰ ਦੇਹ ਦੀ ਮਿੱਟੀ ਵਿਚ
ਹੁਣ ਉਹ ਖ਼ੁਸ਼ਬੋਈ ਨਹੀਂ ਹੈ
ਜਿਸ ਮਿੱਟੀ ਲਈ ਤਰਸ ਰਹੇ ਹਾਂ
ਆਪਣੀ ਮਿੱਟੀ ਵਿਚ
ਉਹ ਮਿੱਟੀ ਗੋਈ ਨਹੀਂ ਹੈ

-0-

ਆਪਣੇ ਆਪ
ਨਾਲ ਧੋਖਾ ਕਰਨਾ
ਤੇ ਲੋਕਾਂ ਦਾ ਮੂੰਹ ਰੱਖਣਾ
ਕਿਸ ਕਿਸਮ ਦਾ ਸੱਚ ਹੈ ਮਿੱਤਰ

-----

## ਖ਼ਤ

ਵਤਨਾਂ ਤੋਂ
ਜਦ ਖ਼ਤ ਆਉਂਦੇ ਨੇ
ਇੰਜ ਲਗਦੈ
ਪੱਤਝੜ ਨੂੰ ਜਿਉਂ ਪੱਤ ਆਉਂਦੇ ਨੇ

-0-

ਅੱਥਰੂ ਭਰੀ ਅੱਖ ਨੂੰ ਦਿਸੇ
ਧੁੰਧਲਾ ਜਿਹਾ ਪੰਜਾਬ ਦਾ ਚਿਹਰਾ
ਭਰਿਆ, ਫਿੱਸਿਆ
ਚਿੱਥਿਆ ਕੱਟਿਆ
ਜੀਭ ਤੇਰੀ ਤੋਂ ਹਰ ਅੰਗ-ਤੀਕਣ
ਜਿਉਂ ਜੰਗੀ-ਸ਼ਾਹ-ਅਸਵਾਰ ਦਾ ਚਿਹਰਾ
ਕਾਵਾਂ ਚੁਗੇ ਗੁਲਾਬ ਦਾ ਚਿਹਰਾ

-0-

ਪੰਜਾਬ
ਤੇਰੀ ਹਿੱਕ ਤੇ
ਨਿੱਕਾ ਜਿਹਾ ਵਿਹੜਾ ਮੇਰਾ
ਤੇਰੇ ਤੇ ਵਿਹੜੇ ਬਿਨ ਕਿਹੜਾ ਮੇਰਾ
ਇਕ
ਮਾਂ ਮੇਰੀ ਦਾ ਟੁੰਡ ਹੈ
ਜੋ ਉਮਰਾਂ ਦਾ ਫਟਿਆ
ਗੰਢ ਰਹੀ ਹੈ
ਇਕ ਤੋਤੇ ਦੇ ਬੋਟ ਨੂੰ
ਘੜੇ 'ਚ ਪਾ ਕੇ ਦੱਸ ਰਹੀ ਹੈ
ਪੜ੍ਹੋ ਬਿਆਸ, ਰਾਵੀ, ਝਨਾ
ਸਤਲੁਜ, ਜਿਹਲਮ ਸਾਂ
ਥੋੜਾ ਬਹੁਤਾ ਹੁਣ ਵੀ ਹਾਂ

-0-

ਹਵਾ ਤੇਰੀ
ਰੂਹ 'ਚ ਉਤਰੇ
ਜਲ ਤੇਰਾ
ਮਹਿਬੂਬ ਦੇ ਬੋਲਾਂ ਤੋਂ ਮਿੱਠਾ
ਤੇਰੇ ਜਿਹਾ ਕੋਈ ਨਾ ਡਿੱਠਾ
ਪਹਾੜ ਤੇਰੇ ਦਰਿਆ ਤੇਰੇ
ਉਜਾੜਾਂ ਤੇ ਵਗਦੇ ਰਾਹ ਤੇਰੇ
ਤੂਤਾਂ ਦੀ ਠੰਡੀ ਛਾਂ.'ਚ ਘੁੱਗੀ
ਗੀਤ ਤੇਰੇ ਗਾਉਂਦੀ ਰਹੇ
ਮਹਿਕ ਤੇਰੀ ਸੋਹਣਿਆਂ
ਇਸ ਜਿਸਮ ਚੋਂ ਆਉਂਦੀ ਰਹੇ

-0-

ਆਸ਼ਕ ਤੇਰੇ ਜਿਉਂਦੇ ਰਹਿਣ
ਸੋਹਣੀਆਂ ਸੱਸੀਆਂ
ਤੇ ਹੀਰਾਂ ਦੇ ਜ਼ਖ਼ਮ ਸਿਉਂਦੇ ਰਹਿਣ
ਜੰਡ ਹੇਠਾਂ
ਮਿਰਜ਼ਾ ਤੇਰਾ
ਮਰ ਮਰ ਕੇ ਜੰਮਦਾ ਰਹੇ
ਸਾਹਿਬਾਂ ਤਾਂ ਤੱਤਾ ਲਹੂ ਸਦਾ
ਤੱਪ ਤੱਪ ਕੇ ਠਰਦਾ ਰਹੇ
ਤੂੰ ਬਣਕੇ ਸਾਹ
ਇਸ ਜਿਸਮ 'ਚ ਨੱਸਦਾ ਰਹੇਂ
ਮੈਂ ਤੇਰੇ 'ਚ
ਤੂੰ ਮੇਰੇ 'ਚ ਵਸਦਾ ਰਹੇਂ

-0-

ਸ਼ਹੀਦ ਤੇਰੇ
ਸਿਰ ਤਲੀ ਤੇ ਰੱਖ ਕੇ

ਜੰਮਦੇ ਰਹਿਣ
ਫ਼ਕੀਰ ਤੇਰੇ ਸੱਚ ਲਈ
ਦੇਗ਼ਾਂ ਦੇ ਵਿਚ ਕੜ੍ਹਦੇ ਰਹਿਣ
ਲੋਕਾਂ ਲਈ
ਹੱਕਾਂ ਲਈ ਮਰਦੇ ਰਹਿਣ

–0–

ਅੱਗ ਤੇਰੀ ਅਵਾਰਗੀ ਦੀ
ਮੱਚਦੀ ਰਹੇ
ਪਾਣੀ ਦੀ ਤਹਿ 'ਚ
ਮੱਛਲੀ ਕਛੂਏ ਲਈ ਹੱਸਦੀ ਰਹੇ
ਰੇਗਿਸਤਾਨਾਂ ਤੇਰਿਆਂ ਦੇ
ਗਲ ਲਗ ਰੋਂਦਾ ਰਹਾਂ
ਰੇਤ ਤੇਰੀ
ਉਮਰ ਭਰ ਫਕਦਾ ਰਹਾਂ
ਪਾਣੀਆਂ ਤੇ ਦੌੜਦਾ
ਤੇ ਮਿੱਧਦਾ ਜੰਗਲ ਰਹਾਂ

–0–

ਬਣ ਕੇ ਪਸੀਨਾ ਕਈ ਵਾਰੀ
ਮੱਥੇ ਤੇ ਆ ਜਾਣਾ ਏਂ ਤੂੰ
ਭਿਜੈ ਲਹੂ 'ਚ
ਦਰਦ ਬਣ
ਅੱਖ੍ਹਾਂ ਚੋਂ ਵਗ ਜਾਣਾ ਏਂ ਤੂੰ

–0–

ਉਹ ਜੱਟ ਤੇ ਸ਼ਾਹ
ਲੁਟੇਰਾ ਆਸਮਾਂ ਤੇ ਰਾਹ
ਉਹ ਮੀਂਹ ਤੇ ਸੋਕੇ
ਬੜੇ ਨੇ ਦੂਰ ਮੇਰੇ ਤੋਂ
ਮੇਰੇ ਆਪਣੇ ਹੋ ਕੇ

–0–

ਉਹ ਹਵੇਲੀਆਂ ਕੁੱਲੀਆਂ
ਗਲੀਆਂ ਤੇ ਵਹਿਣੀਆਂ
ਅੱਖ੍ਹਾਂ 'ਚ ਕਿਵੇਂ ਤੈਰੀਆਂ ਨੇ ਟੁੱਟ ਪੈਣੀਆਂ

-0-

ਦਸ ਖਾਂ
ਕੇਸਰ ਘੜਦੈ ਤੇਰੇ ਲਈ ਅਰਲੀਆਂ
ਚੰਡਦੈ ਤੇਰਾ ਰੰਬਾ ਤੇ ਫਾਲਾ
ਸਿਉਂਦੈ ਤੇਰੀ ਜੁੱਤੀ ਮੇਚੇ ਤੇ
ਕਰਤਾਰਪੁਰੀਆ ਕਾਲਾ
ਹੰਸਾ ਭਰਦੈ ਹੁਣ ਵੀ ਤੇਰਾ ਪਾਣੀ
ਭੱਠੀ ਹੁਣ ਵੀ ਤਾਉਂਦੀ ਹੈ ਨਿਮਾਣੀ
ਵੀਰੋ ਪੱਥਦੀ ਹੁਣ ਵੀ ਤੇਰੇ ਪਸ਼ੂਆਂ ਦਾ ਗੋਹਾ
ਸੀਖ਼ ਤੇ ਦੌੜਦੈ
ਗਲੀਓਂ ਗਲੀ ਹੁਣ ਵੀ ਤੇਰਾ ਲੋਹੇ ਦਾ ਰੇੜ੍ਹਾ
ਮੇਰੇ ਬਿਨ ਲਗਦੈ ਤੈਨੂੰ
ਤੇਰਾ ਸੱਖਣਾ ਵਿਹੜਾ
ਸੁਣੀ ਆਂ ਹੁਣ ਵੀ ਕਦੀ
ਚਰਖ਼ੇ ਦੀ ਆਵਾਜ਼
ਤੇਰਾ ਆਟਾ
ਹੁਣ ਵੀ ਪੀਂਹਦੈ ਮੀਧੇ ਦਾ ਖਰਾਸ
ਹੁਣ ਵੀ ਪਸਾਰੀ ਬੈਠਦੇ ਰਾਤੀਂ
ਟੱਬਰਾਂ ਦੇ ਟੱਬਰ ਤੇ ਕਰਦੇ ਚੁਗਲੀਆਂ
ਖੁਡੇ 'ਚ ਡੱਕ ਕੇ ਬਤਖ਼ਾਂ ਤੇ ਕੁਕੜੀਆਂ

-0-

ਹੁਣ ਕਦੀ ਗਿਆ ਹੈਂ ਨਾਨਕੇ
ਮਾਣਿਆ ਈ
ਮਾਮੀਆਂ ਮਾਸੀਆਂ ਦੀਆਂ ਗੋਦੀਆਂ
ਦਾ ਨਿੱਘ

ਪਤਾ ਈ ਚਾਚੀਆਂ ਤਾਈਆਂ
ਤੇ ਫੁੱਫੀਆਂ ਦਾ ਹਿਰਖ਼ ਕੀ ਹੁੰਦੈ
ਹੁਣ ਚੜ੍ਹਦੀ ਦੇਗ਼ ਨੌਗੱਜ਼ੇ ਦੀ ਕਬਰੇ
ਤੇ ਪੈਂਦੀਆਂ ਰਾਸਾਂ
ਤੱਕਿਆ ਈ ਹੁਣ ਵੀ
ਤਮਾਸ਼ਾ ਪੁਤਲੀਆਂ ਦਾ ਕਦੀ

-0-

ਤੇਰੀ ਖ਼ਾਮੋਸ਼ੀ ਦੱਸਦੀ ਹੈ
ਤੂੰ ਸਾਰੇ ਦਾ ਸਾਰਾ
ਸ਼ਹਿਰ ਹੋ ਗਿਆ ਹੈਂ
ਤੂੰ ਆਪਣੀ ਅੱਖ 'ਚ ਆਪੇ
ਕਤਰਾ ਸ਼ਹਿਦ
ਗਾਗਰ ਜ਼ਹਿਰ ਹੋ ਗਿਆ ਹੈਂ
ਬਿੱਜ਼ਲਈ ਖੂਹ 'ਚ ਡੁੱਬ ਗਏ ਹਨ
ਨੌਜ਼ਲ ਦੇ ਬੋਲ
ਟਰੈਕਟਰਾਂ ਦੇ ਰੌਲੇ 'ਚ ਗੁੰਮ
ਬੌਲਦਾਂ ਗਲ ਟੱਲੀਆਂ ਦੀ ਆਵਾਜ਼
ਅੰਬਾਂ 'ਚ ਬੋਲਦੀ ਕੋਇਲ
ਧੁੰਨ ਪੱਛਮ ਦੀ
ਕੂੜ 'ਚ ਸੂਈ
ਕੁੱਤੀ ਦੇ ਕਤੂਰੇ ਘੁਰਕਦੇ
ਅੱਖਾਂ ਖੋਲ੍ਹਣ ਤੋਂ ਪਹਿਲਾਂ
ਮੇਰੇ ਨਿੱਕੇ-ਨਿੱਕੇ ਹੱਥ
ਜੋ ਬੰਨ੍ਹ ਆਏ ਸਨ
ਫੁੰਮਣ ਰੇਸ਼ਮੀ ਉਨ੍ਹਾਂ ਦੇ ਗਲ

ਉਨ੍ਹਾਂ ਹੱਥਾਂ ਤੇ
ਬਦਕਿਸਮਤ ਲਕੀਰਾਂ ਦੇ
ਟਾਹਣ ਫੁੱਟੇ ਹਨ
ਇਕ ਟਾਹਣ ਦੀ ਟੱਕਰ ਤੇ ਹਰਿਆਣਾ
ਇਕ ਟਾਹਣ ਦੀ ਟੱਕਰ ਤੇ ਹਿਮਾਚਲ
ਤੀਜਾ ਇਕ ਨਾਂਅ ਹੈ ਤੇਰਾ
ਜੇ ਗੁੱਸਾ ਨਾ ਕਰੇਂ ਤਾਂ ਦੱਸ
ਤੇਰੇ ਘਰ 'ਚ
ਕਿਹੜਾ ਥਾਂ ਹੈ ਤੇਰਾ
ਕੁੱਝ ਬੋਲ
ਮੇਰੇ ਗੁੰਗਿਆਂ ਯਾਰਾ
ਅਸ਼ਕੇ ਉਏ
ਦਿਲ ਦਰਿਆਈਆਂ ਤੇਰੀਆਂ
ਸਿਰ ਤੇ ਸੂਰਜ
ਤੇ ਗਲੀਆਂ ਹਨ੍ਹੇਰੀਆਂ

–0–

ਤ੍ਰਿਵੈਣੀ
ਹਿੰਦੂ ਸਿੱਖ ਮੁਸਲਮ ਦੀ
ਸਦਾ ਵੱਸਦੀ ਰਹੇ
ਤੇਰੀ ਰੰਗੀਨ ਉਮਰ ਦੇ
ਪਹਿਲੂ ਸਦਾ ਦੱਸਦੀ ਰਹੇ
ਪੂਰਨ ਜਿਹੇ ਪੂਰਨ ਨੂੰ
ਗੋਦੀ ਖਿਡਾਵਣ ਵਾਲਿਆ
ਸ਼ਿਵ ਜਿਹੇ ਕੁਕਨੂਸ ਨੂੰ
ਬ੍ਰਿਹਾ ਚਟਾਵਣ ਵਾਲਿਆ

ਕੁਕਨੂਸ ਤੇਰੇ ਰਾਗ ਦੀਪਕ
ਸਦਾ ਗਾਉਂਦੇ ਰਹਿਣ
ਖ਼ਾਕ ਹੋ ਕੇ ਰਾਗਣੀ ਦੀ
ਰਾਗ ਹੋ ਜਾਂਦੇ ਰਹਿਣ
ਜਿਉਂਦਾ ਰਹੇ
ਵਾਰਸ ਤੇਰਾ ਪੀਲੂ ਫ਼ਜ਼ਲ
ਹਾਸ਼ਿਮ ਤੇ ਬੁੱਲ੍ਹਾ ਤੇਰਾ
ਨੂਰਪੁਰੀ ਮੋਹਨ ਤੇਰਾ
ਪਿਆਰਾ ਜਿਹਾ ਬਾਵਾ ਤੇਰਾ
ਲੰਬੀਆਂ ਬਾਹਾਂ ਨਾਲ ਨਾਨਕ
ਫ਼ਰੀਦ ਨੂੰ ਮਿਲਦਾ ਰਹੇ
ਜੀਪ ਤੇਰੀ ਸਿਉਂਦਾ ਰਹੇ
ਕਲਮ ਤੋਂ ਤਲਵਾਰ ਤਕ
ਜਿਉਂਦਾ ਰਹੇ

----

# ਸੱਚ ਦੀ ਕੁੰਜ

ਉਹ ਰਾਖ਼
ਜੋ ਸਿਗਰਟ ਤੋਂ ਝੜੀ ਹੈ
ਨਿਰੰਤਰ ਬਲ਼ ਰਹੀ
ਅੱਗ ਹੀ ਠਰੀ ਹੈ
ਇਹ ਸੋਚ
ਮੈਂ ਉਸ ਨੂੰ ਜੀਭ ਤੇ ਧਰਿਆ
ਤੇ ਕੱਲ੍ਹ ਨੂੰ
ਅੱਜ ਦੀ ਦੇਹੀ 'ਚ ਜਜ਼ਬਿਆਂ
ਮੈਨੂੰ ਲੱਗੇ ਕੱਲ੍ਹ ਮੇਰਾ ਬਚਪਨ
ਮੇਰੀ ਦਗ਼ਦੀ ਜੁਆਨੀ ਦੇ
ਪਿੰਡਿਉਂ ਝੜਿਆ ਇਉਂ
ਝੜੇ ਰਾਖ਼ ਕੋਇਲੇ ਤੋਂ ਜਿਉਂ

−0−

ਮੈਂ ਆਪਣੇ ਹੱਥਾਂ ਪੈਰਾਂ
ਤੇ ਫਿਰ ਚਮੜੀ ਦਾ ਰੰਗ
ਯਾਦ ਕੀਤਾ ਪਹਿਲੀ ਵਾਰ
ਹੁਣ ਤਕ
ਮੈਂ ਆਪਣੇ ਆਪ ਨੂੰ
ਆਦਮੀ ਸਮਝਦਾ ਰਿਹਾ
ਤੇ ਅੱਧੇ ਤੋਂ ਵਧੇਰਾ
ਉਮਰ ਦਾ ਹਿੱਸਾ
ਪੈਰਾਂ 'ਚ ਦਬਾ ਕੇ ਅੱਗੇ ਗੁਜ਼ਰ ਗਿਆ
ਮੈਂ ਅੱਜ ਦੇ ਸੱਚ ਦੀ
ਬਚਪਨ ਦੀ ਕੁੰਜ ਵਿਸਰ ਗਿਆ
ਜੋ ਅਜੋਕੇਂ ਰੁੱਖ ਦਾ ਬੀਜ ਸੀ

−0−

ਮੇਰੇ
ਬੋਲਾਂ ਸਿਰ ਉਤੋਂ ਵਗਦੇ
ਦਰਿਆ ਨੂੰ ਆਖਿਆ
ਸੱਜਣ ਹੱਸ ਨਾ
ਤੇਰੀ ਉਮਰ ਵੀ ਮੇਰੀ ਤਰ੍ਹਾਂ
ਦੇਹ ਚੋਂ ਪਸੀਨੇ ਵਾਂਗ ਗੁਜਰੀ ਹੈ

-0-

ਮੈਂ ਜਦ ਪ੍ਰਾਣੀ ਤੇ
ਤੈਰਦਾ ਹਿਮਾਲਾ ਡਿੱਠਾ
ਕਿਨਾਰੇ ਦੇ ਅਚੰਭੇ ਦੀ ਜ਼ੁਬਾਂ ਬਣਿਆਂ
ਦੋਸਤ ਪਹਾੜ
ਆਪਣੀ ਫ਼ਿਤਰਤ ਭੁੱਲ ਕੇ
ਕਾਗ਼ਜ਼ ਤੋਂ ਹੌਲਾ ਹੋ ਗਿਆ ਹੈ
ਤੈਰਨ ਦੇ ਚਾਅ 'ਚ
ਡੁੱਬਣਾ ਭੁੱਲ ਗਿਆ ਹੈ

-0-

ਕਿਨਾਰੇ ਜੋ ਤੇਰੇ ਹਿੱਸੇ
ਸਮੁੰਦਰੀ ਮੈਲ ਹੈ ਤਾਂ ਕੀ
ਸਮੁੰਦਰੀ ਦਿਲ ਤੋਂ ਲੱਥੀ ਹੈ
ਦਿਲ ਦਾ ਹਿੱਸਾ ਹੈ
ਜਿਵੇਂ ਤੇਰੀ ਬੁੱਕ 'ਚ ਸਮੁੰਦਰ ਵਰ ਹੈ
ਤੂੰ ਇਸ ਨੂੰ ਹੱਥੋਂ ਛਡ ਦੇਵੇਂ
ਤਾਂ ਇਹ ਸਰਾਪ ਹੈ
ਨਿਰਹੋਂਦ ਹੈ
ਆਪਣੀ ਆਪੇ ਮੌਤ ਹੈ
ਤੂੰ ਤਾਂ ਸਰੀਰ ਹੈਂ
ਸਮੁੰਦਰੀ ਆਤਮਾ ਦਾ ਘਰ ਹੈਂ

-0-

ਮੇਰੀ ਨਜ਼ਰ
ਜਦ ਗੋਰੀ ਕੁੜੀ ਦੀਆਂ
ਪਿੰਨੀਆਂ ਭੋਗਦੀ ਫੜੀ ਗਈ
ਮੈਂ ਆਪਣੀ ਦੇਹ 'ਚ ਪੈ ਰਹੀ
ਅੱਗ ਦੀ ਅਹਿਣ ਨੂੰ ਕਿਹਾ
ਦਸ ਖਾਂ
ਤੂੰ ਕਿਹੜੇ ਥਲ 'ਚ ਜੰਮੀ ਸੈਂ
ਤੇ ਕਿਸ ਦਿਲ-ਜਲੇ
ਸਮੁੰਦਰ ਦੀਆਂ
ਅੱਖ੍ਹਾਂ ਦਾ ਧੂੰਆਂ ਹੈਂ
ਜੇ ਤੂੰ ਨਿਰੀ ਠੰਡ ਹੈ
ਤਾਂ ਪੈ ਕਿਉਂ ਨਹੀਂ ਜਾਂਦੀ
ਜੇ ਨਿਰੀ ਅੱਗ ਹੈਂ
ਤਾਂ ਬਲ ਕਿਉਂ ਨਹੀਂ ਪੈਂਦੀ
ਜੇ ਕੋਈ ਬੱਦਲੀ ਹੈ ਤਾਂ ਵਰ੍ਹ
ਜੇ ਕੁਝ ਨਹੀਂ
ਤਾਂ ਹਟ ਮੇਰੀਆਂ ਅੱਖ੍ਹੀਆਂ ਅੱਗੋਂ
ਵੇਖਣ ਦੇ ਮੈਨੂੰ
ਗਰਭਵਤੀ ਸਿੱਪੀ ਦੀਆਂ
ਅੱਖ੍ਹਾਂ ਚੋਂ ਮੋਤੀ
ਸੁਨਣ ਦੇ ਮੈਨੂੰ ਲਹਿਰਾਂ ਚੋਂ
ਉਸਦੀ ਆਵਾਜ਼

-0-

ਉਹ ਰਾਖ਼
ਜੋ ਸਿਗਰਟ ਤੋ ਝੜੀ ਹੈ

ਨਿਰੰਤਰ ਬਲ ਰਹੀ
ਅੱਗ ਹੀ ਠਰੀ ਹੈ
ਇਹ ਸੋਚ
ਮੈਂ ਉਸ ਨੂੰ ਜੀਭ ਤੇ ਧਰਿਆ
ਤੇ ਕੱਲ੍ਹ ਨੂੰ
ਅੱਜ ਦੀ ਦੇਹੀ 'ਚ ਜਜ਼ਬਿਆ
ਮੈਨੂੰ ਲੱਗੇ ਕੱਲ੍ਹ ਮੇਰਾ ਬਚਪਨ
ਮੇਰੀ ਦਗ਼ਦੀ ਜਵਾਨੀ ਦੇ
ਪਿੰਡਿਉਂ ਝੜਿਆ ਇਉਂ
ਝੜੇ ਰਾਖ਼ ਕੋਇਲੇ ਤੋਂ ਜਿਉਂ

----

# ਦਾਰਸ਼ਨਿਕ ਸਮੇਂ ਦੀ ਚੇਤਨਾ

ਹੁਣ ਜਦੋਂ
ਤੇਰੀ ਗੱਲ ਛਿੜਦੀ ਹੈ
ਨਾ ਜ਼ੁਬਾਂ ਖ਼ਾਮੋਸ਼ ਰਹਿੰਦੀ ਹੈ
ਨਾ ਦਿਲ ਦਾ ਭਰਮ ਹੀ ਮਿਟਦੈ
ਨਾ ਮੱਥੇ ਬਲ ਰਿਹਾ ਦੀਵਾ
ਮੇਰਾ ਇਤਬਾਰ ਹੀ ਕਰਦੈ

–0–

ਮੈਂ ਮੰਨਦਾਂ ਅੱਖ਼ 'ਚ
ਅੱਥਰੂ ਦੀ ਸ਼ਕਲ ਲੋਹੇ ਵਰਗੀ ਹੈ
ਜਜ਼ਬਾਤ ਮੁਰਦਾ ਹਨ
ਉਸ ਪੱਥਰਈ ਰੁੱਖ ਦੇ
ਜਿਸਦੀ ਛਾਂ 'ਚ ਬੈਠੀ ਤੂੰ
ਸੁਣ ਰਹੀ ਹੈ ਟੇਪ 'ਚ
ਮੋਈ ਕੋਇਲ ਦੇ ਕੰਠੋਂ
ਬ੍ਰਿਹਾ ਦਾ ਗੀਤ
ਨਜ਼ਰ ਵੇਖਦੀ ਹੈ ਵੀਡੀਓ ਤੇ
ਇਕ ਦ੍ਰਿਸ਼ ਜੰਗਲ ਦੀ ਅੱਗ ਦਾ
ਜ਼ਿਹਨ 'ਚ ਲਾਲਸਾ ਹੈ
ਡੁੱਬ ਰਿਹਾ ਸੂਰਜ ਵੇਖਣ ਦੀ
ਬਹਿ ਕੇ ਪੱਥਰਈ–ਰੁਖ ਦੀ ਛੱਤੇ

–0–

ਪਤਾ ਨਹੀਂ ਕਿਵੇਂ ਵਿਸਰੀ
ਉਹ ਕਲਾਕਾਰ
ਜਿਸ ਅਕਾਸ਼ ਨੂੰ
ਛੋਹ ਰਹੀ ਇਮਾਰਤ
ਪਹਿਲਾਂ ਆਪਣੇ ਜ਼ਿਹਨ 'ਚ
ਚਿੱਤਰੀ

ਬਣਾ ਕੇ ਆਪਣੇ ਹੱਥੀਂ ਸੇਲ ਤੇ ਲਾਈ
ਉਂਜ ਮਰਨ ਤਕ ਖ਼ੁਦ ਵੀ
ਉਹ ਸੇਲ ਤੇ ਲਗਾ ਰਿਹਾ
ਪਰ ਤੂੰ ਦਾਰਸ਼ਨਿਕ ਸਮੇਂ ਦੀ ਚੇਤਨਾ
ਹਮੇਸ਼ਾਂ ਬੇਜ਼ੁਬਾਨ ਡੰਮੀ ਸਮਝ ਉਸਨੂੰ
ਕਦੀ ਹੱਥ ਸਿਰ ਤੇ ਬੁਲ੍ਹ
ਉਹਦੇ ਛੋਹਦੀ ਰਹੀ
ਜ਼ਖ਼ਮੀ ਬੁੱਤ ਦਾ ਜੁੱਸਾ
ਲੂਣੇ ਪੋਟਿਆਂ ਨਾਲ ਸਮੇਂ ਦੀ
ਚੇਤਨਾ ਟੋਂਹਦੀ ਰਹੀ
ਤੂੰ ਜਿਸ ਉੱਚਾਈਂ ਤੇ ਬੈਠੀ
ਵੇਖ ਰਹੀ ਹੈ
ਚੜ੍ਹਦੇ ਤੇ ਡੁੱਬਦੇ ਦਾ ਦ੍ਰਿਸ਼
ਜ਼ਿੰਦਗੀ ਨੀਹਾਂ 'ਚ ਇਹਦੇ
ਇਕ ਕਿਰਨ ਲਈ ਦਮ ਤੋੜਦੀ
ਇਕ ਉਮਰ ਭਰ ਜਿਉਂਦੀ ਰਹੀ

-0-

ਪਹਿਲਾ ਤੇ ਆਖ਼ਰੀ ਚਿੱਤਰ
ਜੋ ਉਸ ਉਤਾਰਿਆ
ਇਕ ਸ਼ਹਿਰ ਆਪਣੀ ਹਿੱਕ ਤੇ
ਉਸਨੇ ਉਸਾਰਿਆ
ਸਮੁੰਦਰ ਪਹਾੜ ਜੰਗਲ
ਜੋ ਉਸ ਦੇ ਜਿਸਮ ਵਿਚਲੀ
ਖ਼ੁਸ਼ਬੂ ਦੇ ਹਾਣੀ ਸਨ
ਸਭ ਅੱਖਾਂ ਫੇਰ ਗਏ
ਨਾ ਹੀ ਧਰਤ ਪਹਿਚਾਣਦੀ ਹੈ
ਆਪਣੀ ਗੋਦ 'ਚ ਖਿਡਾਏ
ਆਪਣੀ ਮਿੱਟੀ ਦੇ ਬਣਾਏ

ਉਸ ਜਿਹੇ ਅਨੇਕਾਂ ਬਾਵਿਆਂ ਨੂੰ
ਜੋ ਸਮੇਂ ਦੇ ਵਿਕਾਸ ਦੀ ਚੱਕੀ
ਵਿਚ ਪਿੱਸ ਰਹੇ ਹਨ ਰਾਤ ਦਿਨ
ਇਹ ਕੈਸਾ ਵਿਕਾਸ ਹੈ ਕੈਸਾ ਸੁੱਖ ਹੈ
ਆਪਣੀ ਛਾਂ ਲਈ ਬੇਗ਼ਾਨਾ ਰੁੱਖ ਹੈ
ਨਾ ਸਮੁੰਦਰ ਜਲ ਹੈ
ਨਾ ਸਹਿਰਾ ਥਲ ਹੈ
ਤੂੰ ਸਮੇਂ ਦੀ ਸਿਖ਼ਰ ਕੀ ਜਾਣੈ
ਕਿ ਆਪਣੀ ਧਰਤੀ 'ਚ ਉੱਗਣ ਲਈ
ਸਿਰ ਤਲੀ ਤੇ ਧਰਨਾ ਪੈਂਦਾ ਹੈ
ਤੇ ਆਪਣੇ ਹੀ ਘਰ ਵੜਦਿਆਂ
ਬੂਹੇ ਲਾਗੇ ਮੇਜ਼ ਤੇ ਝਾਕਦੀ ਪੁਸਤਕ ਤੇ
ਲਿਖਣਾ ਪੈਂਦਾ ਹੈ
ਆਪਣਾ ਨਾਂਅ ਆਪਣੇ ਬਾਪ ਦਾ ਨਾਂਅ
ਤੇ ਆਪਣੀ ਮਿੱਟੀ ਦਾ ਨਾਂਅ
ਤੂੰ ਕੀ ਜਾਣੈਂ
ਤੂੰ ਤਾਂ ਖ਼ਲਾਅ 'ਚ ਖੁੰਭਾਂ ਉੱਗਾ ਰਹੀ ਹੈਂ
ਤੇ ਖ਼ਲਾਅ 'ਚ ਉੱਗੀਆਂ ਖੁੰਭਾਂ ਦੀ
ਧਰਤ ਤੇ ਛਾਂ ਨਹੀਂ ਹੁੰਦੀ
ਸਗੋਂ ਅੱਗ ਬਰਸਦੀ ਹੈ
ਤੇ ਕੱਚੀ ਨੀਂਦ 'ਚ ਸੁੱਤੀ ਕਵਿਤਾ
ਦੀਆਂ ਪਲਕਾਂ ਝੁਲਸਦੀ ਹੈ

-0-

ਹੁਣ ਜਦ ਤੇਰੀ ਗੱਲ ਛਿੜਦੀ ਹੈ
ਨਾ ਜ਼ੁਬਾਂ ਖ਼ਾਮੋਸ਼ ਰਹਿੰਦੀ ਹੈ
ਨਾ ਦਿਲ ਦਾ ਭਰਮ ਹੀ ਮਿਟਦੈ
ਨਾ ਮੱਥੇ ਬਲ ਰਿਹਾ ਦੀਵਾ...
ਮੇਰਾ ਇਤਬਾਰ ਹੀ ਕਰਦੈ

-----

## ਸਹੀ ਸੇਧ

ਸਹੀ ਸੇਧ ਵਿਚਲੀ
ਚੇਤਨਤਾ ਹੀ ਧੋ ਸਕਦੀ ਹੈ
ਮਨੁੱਖ ਦਾ ਆਪਣਾ ਮੂੰਹ
ਭਰ ਸਕਦੀ ਹੈ
ਜੀਵਨ ਦੀਆਂ ਗਹਿਰੀਆਂ ਖੋੜਾਂ
ਆਦਮੀ ਲਈ
ਆਦਮੀ ਦੇ ਜੀਅ ਦੀਆਂ ਥੋੜਾਂ

-0-

ਮਨੁੱਖੀ ਅੱਖ ਨੂੰ
ਜਦ ਸੁੱਕੇ ਕੱਚ ਵਾਂਗ ਨਜ਼ਰ ਆਵੇ
ਵਿਹੜੇ 'ਚ ਪੁੱਟੇ ਖੂਹ ਦਾ ਪਾਣੀ
ਪਿਆਸ ਨੂੰ ਲਗ ਜਾਣ
ਤ੍ਰਿਸ਼ਨਾ ਦੇ ਪੈਰ
ਫਿਰ ਬੋਧ-ਕੇਂਦਰ ਭਾਲਦਾ ਹੈ
ਸਹੀ ਸੇਧ

-0-

ਮਨੁੱਖ ਵਿਚ ਪਹਾੜ ਕੱਟਣ
ਦੀ ਸ਼ਕਤੀ ਤੇ ਤ੍ਰਿਸ਼ਨਾ
ਸਿਰ ਵਾਂਗ ਤਲੀ ਤੇ ਆ ਟਿਕਦੀ ਹੈ
ਤ੍ਰਿਪਤੀ ਲਈ
ਸੁੱਕ ਗਏ ਪਾਣੀ ਦੇ ਪਿੰਡੇ ਚੋਂ
ਖੂਹ ਪੁੱਟਣ ਲਈ ਜਨਮਦਾ ਹੈ
ਤ੍ਰਿਸ਼ਨਾ ਦਾ ਸੱਚ
ਆਦਮੀ ਲਈ
ਆਦਮੀ ਦਾ ਕੋਹੜ ਚੱਟਣ ਲਈ

-0-

ਚਿਹਰੇ ਦਾ ਸੱਚ ਹੀ ਵਫ਼ਾਦਾਰ ਹੈ
ਅੰਦਰਲੇ ਸੱਚ ਲਈ
ਅੰਦਰਲਾ ਸੱਚ ਹੀ
ਗੁਨਾਹਗਾਰ ਹੈ
ਆਪਣੀ ਲੋੜ ਦੇ ਸਾਹਵੇਂ
ਜੋ ਆਪਣੀ ਪਿਆਸ ਲਈ
ਜਾਂ ਆਪਣੇ ਹਨ੍ਹੇਰੇ ਲਈ
ਜਲ ਫਰੀਜ਼ ਕਰਦਾ ਹੈ
ਸੂਰਜ ਤਾਲੇ 'ਚ ਧਰਦਾ ਹੈ

-0-

ਆਓ ਆਪਣੇ ਦੁਆਲੇ
ਇਕ ਵਾੜ ਲਾ ਲਈਏ
ਤੇ ਪੋਨੇ ਗੰਨਿਆਂ ਦੀ ਫ਼ਸਲ
ਰਿੱਛਾਂ ਤੋਂ ਬਚਾਅ ਲਈਏ
ਖੇਤ ਚੋਂ ਵਾੜ ਉੱਗਾ ਲਈਏ
ਵਾੜ ਚੋਂ ਖੇਤ ਉੱਗਾ ਲਈਏ

-0-

ਸਹੀ ਸੇਧ ਵਿਚਲੀ
ਚੇਤਨਤਾ ਹੀ ਧੋ ਸਕਦੀ ਹੈ
ਮਨੁੱਖ ਦਾ ਆਪਣਾ ਮੂੰਹ
ਭਰ ਸਕਦੀ ਹੈ
ਜੀਵਨ ਦੀਆਂ ਗਹਿਰੀਆਂ ਖੋੜਾਂ
ਆਦਮੀ ਲਈ
ਆਦਮੀ ਦੇ ਜੀਅ ਦੀਆਂ ਥੋੜਾਂ

-----

## ਤਲੀ ਤੇ ਉੱਗੇ ਨਕਸ਼

ਢੂੰਡਦਾ ਹੈ
ਗ਼ਮ ਕੋਈ ਖ਼ੁਸ਼ੀ ਪਿਆ
ਫ਼ਿਤਰਤੇ ਦਿਲ ਵਿਚਾਰਾ
ਉਲਝਦਾ ਸੁਲਝਦਾ ਰਿਹਾ

-0-

ਮੈਂ ਕਿਵੇਂ ਸਮਝਾਂ
ਅੱਥਰੂ 'ਚ ਸਮੁੰਦਰ
ਅੱਖ਼ੀਆਂ ਦੇ ਜ਼ਰੀਏ
ਦਿਲ 'ਚ ਉਤਰ ਗਿਆ

-0-

ਤੇਰੇ ਮਹਿਲੀਂ
ਚਰਬੀ ਦਾ ਦੀਵਾ ਜੋ ਬਲੇ
ਮੇਰੀ ਕੁੱਲੀ ਦੇ ਕੱਖਾਂ ਨੂੰ
ਮੇਰੇ ਘਰ ਦੇ ਹਨ੍ਹੇਰੇ ਨੂੰ
ਬਸਤੀ ਦੇ ਸਵੇਰੇ ਨੂੰ ਬੁੱਝਦਾ ਲੱਗੇ

-0-

ਬਸਤੀ ਦੇ ਸਿਰੋਂ ਜਦੋਂ ਲੰਘੇ ਹਵਾ
ਦੇਹ ਚੋਂ ਫੁੱਟੇ ਜਦੋਂ ਸਰਘੀ ਦੀ ਲੋਅ
ਤੇਰਾ ਮੁਰਦਾ ਤੇਰੇ ਵਿਹੜੇ
ਮੇਰੇ ਦੀਂਦੀਂ ਬਲੇ

-0-

ਜ਼ਿੰਦਗੀ ਤੇਰੀ ਤੇ ਮੇਰਾ ਲਹੂ
ਸਾਹ ਤੇਰਾ ਹੋਰ ਕਿੱਥੋਂ ਤਕ ਚਲੇ
ਮੇਰੀ ਤਲੀ ਤੇ ਉੱਗੇ ਜੋ ਨਕਸ਼
ਅੱਖ਼ ਨੂੰ ਤੇਰੇ ਤੋਂ ਵੱਖਰੇ ਲੱਗੇ

-0-

ਅਕਲ ਦੀ ਹੈ ਕ਼ਮਤਰੀ
ਕੌਣ ਆਖੇ ਸ਼ਾਮ ਨੂੰ ਸੂਰਜ ਢਲੇ
ਤੇਰੀ ਛੱਤੇ ਹੀ ਤੇਰਾ ਫ਼ਰਸ਼ ਹੈ
ਬਹੁਤ ਨੀਵਾਂ ਹੈ ਜ਼ਿਮੀਂ ਤੋਂ
ਤੋੜਦਾ ਤਾਰੇ ਜੋ ਤੇਰਾ ਕਲਸ ਹੈ

-0-

ਢੂੰਡਦਾ ਹੈ
ਗ਼ਮ ਕੋਈ ਖ਼ੁਸ਼ੀ ਪਿਆ
ਫ਼ਿਤਰਤੇ ਦਿਲ ਵਿਚਾਰਾ
ਉਲਝਦਾ ਸੁਲਝਦਾ ਰਿਹਾ

-----

## ਅੱਜ ਦਾ ਯੁੱਗ

ਅੱਜ ਦਾ ਯੁੱਗ
ਤੀਰਾਂ ਤੋਪਾਂ ਦਾ ਨਹੀਂ
ਕੰਪਿਊਟਰ ਵਿਚਲੀ ਸੂਝ ਦਾ ਹੈ
ਬਾਰੂਦੀ ਰਫ਼ਤਾਰ ਦਾ ਹੈ
ਭਾਵਾਂ ਦੀ ਤਰਲਤਾ ਦੇ ਕਤਲ ਦਾ ਹੈ

-0-

ਜ਼ਿੰਦਗੀ ਸੰਗ ਲੜਾਈ
ਉਸ ਹੱਥ ਦੀ ਹੈ
ਜੋ ਬਲਦੀ ਭੱਠੀ ਚੋਂ ਲੋਹਾ
ਕੱਢ ਰਿਹਾ ਹੈ
ਰਗ਼ਾਂ 'ਚ ਖ਼ੂਨ ਦੀ ਥਾਂ
ਵਹਿਸ਼ਤ ਹੈ ਅਸਮਾਨੀ ਬਾਜ਼ਾਂ ਦੀ
ਜ਼ਿਹਨ 'ਚ ਗਰੂਰ ਤਲਬ
ਹੰਕਾਰ ਹੈ ਰਾਵਣ ਜਿਹਾ
ਬੰਦਾ ਢਲ ਗਿਆ ਲੋਹੇ 'ਚ
ਲੋਹਾ ਢਲ ਰਿਹੈ
ਦਿਨ ਰਾਤ
ਧਰਤੀ ਤੇ ਚੁੱਪ ਬੀਜਣ ਲਈ
ਕਬਰਈ ਫ਼ਸਲ ਕੱਟਣ ਲਈ
ਆਪਣੀ ਕੁੱਖ ਦੇ ਸੀਨੇ 'ਚ
ਖ਼ੁਦ ਹੀ ਸੂਲ ਗੱਡਣ ਲਈ

-0-

ਲਹੂ ਦੀ ਬੋਅ ਦੇ ਆਸ਼ਕ
ਮਸਾਣੀ ਸੋਗ ਦੇ ਕਾਇਲ
ਕੈਸੇ ਗੀਤ ਲਿਖਣਗੇ
ਮੁਰਲੀ ਦੇ ਪਿੰਡੇ 'ਚ

ਕੈਸੀ ਰੂਹ ਭਰਨਗੇ
ਪੱਥਰ ਪਿਘਲ ਪਾਣੀ ਬਣੇ
ਸਾਜ਼ ਦੀ ਆਵਾਜ਼ 'ਚ
ਕਿਹੜੀ ਧੂਹ ਭਰਨਗੇ

-0-

ਸ਼ਤਰੰਜ ਖੇਡਦਾ
ਕੰਪਿਊਟਰ ਹਰੇ ਨਾ
ਆਪਣੇ ਪੈਦਾਗੀਰ ਤੋਂ
ਕ੍ਰਿਸ਼ਮ-ਏ-ਅਕਲ
ਗਿਰ ਗਈ ਆਪਣੀ ਜ਼ਾਮੀਰ ਤੋਂ
ਤੇ ਬੂ ਜਿਹੀ ਇਕ ਆ ਰਹੀ
ਰੂਹ ਨੂੰ ਸਰੀਰ ਚੋਂ

-0-

ਧਰਤੀ ਦੀ ਝੋਲੀ
ਮਨੁੱਖ ਜਦ ਅੰਗਿਆਰ ਧਰੇ
ਅਮਨੁੱਖੀ ਛੱਤੋਂ ਅੱਗ ਦਾ
ਜਦ ਮੀਂਹ ਵਰ੍ਹੇ
ਲੋਕਾਂ ਵਿਹੜੇ
ਰੁੱਖ ਤਰਕੀਏਯਾਤ
ਸਿਰ ਤੋਂ ਪੈਰਾਂ ਤਕ ਬਲੇ
ਪੰਛੀਆਂ ਦੀ ਡਾਰ ਦੇ
ਜਦ ਖੰਭ ਸੜੇ
ਤੇ ਰੱਬਤਾ ਦੀ ਅੱਖ੍ਹ 'ਚ
ਸਮੁੰਦਰ ਬਲੇ
ਜਦ ਲੋਹਾ ਲੋਹੇ ਨਾਲ ਭਿੜੇਗਾ
ਦਸੋ ਜੀ ਕਿਹੜਾ ਗੁਲਾਬ ਖਿੜੇਗਾ

-0-

ਘੁੱਗੀ ਦੇ ਆਂਡਿਆਂ ਤੋਂ
ਲੰਘਿਆ ਹੈ ਸਾਇਆ ਬਾਜ਼ ਦਾ
ਸੁੰਘੜ ਗਈ ਹੈ
ਛਿੱਲੜ ਵਿਚਲੀ ਜਾਨ ਤਕ
ਜੰਗਲ ਤੋਂ
ਸ਼ੋਰ ਪੰਛੀਆਂ ਦਾ
ਉੱਠਿਐ ਅਸਮਾਨ ਤਕ
ਦੀਵਿਆਂ ਦੀ ਲੋਅ
ਹੁਣ ਸੂਰਜ ਹਰੇਗੀ
ਤੇ ਰਾਤ ਲੰਬੀ ਉਮਰ ਦੀ
ਪੈਰੀਂ ਢਲੇਗੀ
ਤਾਰਿਆਂ ਵਾਂਗੂੰ ਹਨ੍ਹੇਰੇ ਅਸਾਮਾਂ ਹੇਠਾਂ
ਧਰਤੀ ਜਰੇਗੀ
ਰੌਸ਼ਨੀ ਦੀ ਕੂਲ ਚਹੁੰ ਕੂਟੀਂ ਵਗੇਗੀ

-----

# ਦ੍ਰਿੜ੍ਹਤਾ

ਉਹ ਬਹੁਤ ਅੱਗੇ ਲੰਘ ਗਿਆ ਸੀ
ਸ਼ੁਦਾਅ ਸਫ਼ਰ ਦਾ
ਉਸਦੇ ਸਿਰ ਨੂੰ ਚੜ੍ਹ ਗਿਆ ਸੀ

-0-

ਪ੍ਰਛਾਵਿਆਂ ਨੇ ਸੋਚਿਆ ਸੀ
ਪਰਤ ਆਵੇਗਾ
ਤਰਕਾਲੀਂ ਨਹੀਂ ਤਾਂ ਰਾਤ ਨੂੰ
ਪਰ ਸੂਰਮਾਂ
ਕਦ ਕੰਡ ਤੇ ਖਾਂਦਾ ਹੈ ਤੀਰ
ਹੈ ਕੋਈ ਸ਼ਮਸ਼ੀਰ
ਜੋ ਸੂਰਮੇਂ ਦੀ ਪਿੱਠ ਤੇ ਪਾਵੇ ਲਕੀਰ

-0-

ਕੁੱਝ ਇਸ ਤਰ੍ਹ ਦਾ
ਵਿਸ਼ਵਾਸ ਨੂੰ ਵਿਸ਼ਵਾਸ ਸੀ
ਹਰ ਰਾਹ ਦਾ ਕੰਡਾ
ਮੱਖਣਈ ਪੈਰਾਂ ਨੂੰ ਰਾਸ ਸੀ
ਇਹ ਸਫ਼ਰ ਤੈਅ
ਉਸ ਦੇਹ 'ਚ ਬਹਿ ਕੇ ਕਰ ਲਿਆ
ਕਮਰ ਕੱਸੇ ਸੂਰਮੇ
ਤੇ ਸਿਰ ਤਲੀ ਤੇ ਧਰ ਲਿਆ

-0-

ਕਦਮ ਮੰਜ਼ਿਲ ਚੁੰਮਦੀ
ਹਵਾ ਨੇ ਤੱਕੇ ਉਸਦੇ
ਹੌਸਲਾ ਹਮਦਰਦੀਆਂ
ਕੋਨ ਤੇ ਦ੍ਰਿਸ਼ਟੀਆਂ
ਰਾਹ ਦਿਆਂ ਰੁੱਖਾਂ ਨੇ
ਕਈ ਨਾਮ ਰੱਖੇ ਉਸਦੇ

-----

## ਆ ਕੇ ਬੋਲਾਂ ਤੇਰਿਆਂ ਨੂੰ

ਆ ਕੇ ਬੋਲਾਂ ਤੇਰਿਆਂ ਨੂੰ
ਅਰਥਾਂਵਲੀ ਦਾ ਨਾਂਅ ਦਿਆਂ

-0-

ਆ ਕੇ ਤੇਰੀ ਹਿੱਕ 'ਚ
ਕਸਤੂਰੀਆਂ ਦੀ ਰੂਹ ਭਰਾਂ
ਆ ਕੇ ਨੈਣਾਂ ਤੇਰਿਆਂ 'ਚ
ਹਕੀਕਤਾਂ ਬਣਕੇ ਤਰਾਂ
ਤੇ ਫੁੱਲ ਰੱਤੜੇ ਦਿਲ ਦਾ
ਤੇਰੇ ਜੂੜੇ 'ਚ ਮੜਾਂ

-0-

ਝੀਲੇ ਨੀ ਅੰਬਰੀਂ ਵਗਦੀਏ
ਧਰਤੀ ਤੇ ਤੈਨੂੰ ਲੈ ਚਲਾਂ
ਰਾਤ ਨੂੰ ਕਰ ਦਿਨ ਦਿਆਂ
ਤੂੰ ਜਗੇਂ ਤੇ ਮੈਂ ਬਲਾਂ
ਅਸਲੀਅਤੇ
ਸੁਫ਼ਨਿਆਂ ਵਿਚ ਵਸਦੀਏ
ਭੁੱਲ ਕੇ ਬੈਠੀ ਏਂ ਖ਼ੁਦ
ਖ਼ੁਆਬਾਂ ਨੂੰ ਰਾਹ ਦੱਸਦੀ ਏ

-0-

ਆ ਕੇ ਤੈਨੂੰ ਲੈ ਚਲਾਂ ਤੇਰੇ ਗਿਰਾਂ
ਖਲਾਅ 'ਚ ਲਟਕੇ ਆਸਮਾਂ ਦੀ
ਜੜ੍ਹ ਵਿਖਾ
ਤੇ ਰੋਜ਼
ਸੂਰਜ ਡੁੱਬਣ ਦੀ ਚਿੰਤਾ ਮਿਟਾ

----

## ਤੂੰ ਕਹੇਂ

ਤੂੰ ਕਹੇਂ
ਮੈਂ ਤੇਰੇ ਨੈਣੀਂ ਰਹਾਂ
ਮੈਂ ਕਹਾਂ ਇਹ ਦਿਲ
ਤੇਰੀ ਸੋਚ ਦੇ ਮੋਢੀਂ ਧਰਾਂ
ਤੂੰ ਕਹੇਂ
ਤੇਰੇ ਲਈ ਹੈ
ਮੇਰੀਆਂ ਜ਼ੁਲਫ਼ਾਂ ਦੀ ਛਾਂ
ਮੈਂ ਕਹਾਂ
ਬਣ ਕੇ ਸੂਰਜ ਚੜ੍ਹਾਂ
ਬਸਤੀ ਦੇ ਕਾਲੇ ਦਿਨਾਂ ਨੂੰ
ਚਿੱਟਿਆਂ ਕਰਾਂ
ਧੁੱਪ ਹਵਾ ਪਾਣੀ ਬਣਾਂ
ਰੁੱਖੀਂ ਵਗਾਂ ਖੇਤੀਂ ਲੱਗਾਂ
ਬਾਗੀਂ ਵਗਾਂ
ਤੇ ਉਹ ਜੋ ਬਸਤੀ ਮਰ ਗਈ ਹੈ
ਜਨਮ ਦੇ ਕੇ ਸ਼ਹਿਰ ਨੂੰ
ਜਿਉਣ ਦਾ ਪਲ
ਉਹਦੇ ਥੇਹ ਨੂੰ ਅਰਪਣ ਕਰਾਂ

-0-

ਕੀ ਕਹਾਂ ਕਿਹਨੂੰ ਕਹਾਂ
ਦਾਬੜੇ ਕਹੀਆਂ ਤੇ ਰੰਬੇ
ਦਾਤੀ ਹਥੌੜੇ ਛੈਣੀਆਂ
ਚੂਸ ਉਸਦੇ ਜਿਸਮ ਚੋਂ
ਵਗਦੀ ਨਦੀ ਜਿਹੀ ਜ਼ਿੰਦਗੀ
ਪਾਨ ਵਾਂਗੂੰ ਥੁੱਕ ਕੇ ਤੁਰੀਆਂ

ਬੇਗਾਨੀਆਂ! ਬੇਦਰਦਨਾਂ!!
ਮਰਜਾਣੀਆਂ!!!

-0-

ਵੇਖ ਐਵੇਂ ਹੱਸ ਨਾ
ਇਸ ਸ਼ਹਿਰ ਦੇ ਪਿੰਡੇ ਤੇ ਤੱਕ ਕੇ
ਪਾਟੀਆਂ ਉਂਗਲਾਂ ਦੇ ਨਿਸ਼ਾਨ
ਮਹਿਕ ਆਵੇ ਹਰ ਰਦੇ ਚੋਂ
ਉਸ ਪਸੀਨੇ ਦੀ
ਬਾਪੂ ਸੀ ਜਦ ਮੇਰੇ ਜਿਹਾ
ਮਾਂ ਸੀ ਤੇਰੇ ਜਿਹੀ ਭਰ ਜਵਾਨ

-0-

ਤੱਕ ਰਹੀ ਏਂ ਉਹ ਥਾਂ
ਜਿੱਥੇ ਇਕ ਸਦੀ ਪਹਿਲਾਂ
ਦਾਦੀ ਮਾਂ ਨੇ ਆਪਣੇ ਦੀਦੀਂ
ਆਪਣੇ ਵਰਗੇ ਨਕਸ਼ ਉਲੀਕੇ
ਮੁੜਨੇ ਦੀ ਪਰ ਸ਼ੁਰੂਆਤ ਤੇ
ਵਿਚ ਕਚਹਿਰੀ
ਅਠਾਰਾਂ ਖ਼ੂਹਣੀਆਂ ਦੁੱਧ ਅੱਕ ਦਾ
ਪੀ ਗਈ
ਉਹ ਇਕੋ ਡੀਕੇ
ਨਾ ਹਾਕਮ ਨਾ ਪਰਜਾ ਰੋਈ
ਸੋਹਲਾਂ ਸਾਲ ਦੀ ਸਿਖ਼ਰ ਦੁਪਹਿਰ
ਇਕ ਪਲ 'ਚ ਨੱਬਿਆਂ ਦੀ ਹੋਈ

-0-

ਸਭਿਅਤਾ ਦਾ ਜੋ ਨਮੂਨਾ
ਦਸ ਰਹੀਂ ਏਂ ਸ਼ਹਿਰ ਤੂੰ
ਜਾਣਦੀ ਨਹੀਂ

ਸਾਏ 'ਚ ਇਹਦੇ
ਲਹੂ ਨਾਲ ਲਿਬੜੀਆਂ ਨੇ
ਹੱਥਾਂ ਦੇ ਰੱਟਣਾ ਹੇਠ ਲੁਕੀਆਂ ਸੂਰਤਾਂ
ਸੂਰਤਾਂ ਕਿ ਮੂਰਤਾਂ
ਗੁੜ ਤੋਂ ਮਿੱਠੀਆਂ ਤੈਥੋਂ ਪਿਆਰੀਆਂ
ਸ਼ਹਿਰ ਨੇ ਜੋ ਆਪਣੀਆਂ ਨੀਹਾਂ ਹੇਠ
ਦੇ ਕੇ ਮਾਰੀਆਂ

-0-

ਤੂੰ ਜਦੋਂ ਕਈ ਵਾਰ ਮੇਰੇ ਨਾਲ ਹੋਵੇਂ
ਸ਼ਹਿਰ ਪਿੱਛੇ ਰਹਿ ਜਾਂਦਾ ਹੈ
ਤੁਰਦੀਆਂ ਨੇ ਨੀਹਾਂ
ਮੇਰੇ ਨਾਲ ਨਾਲ
ਤੇ ਬੋਲਦੈ ਇਤਿਹਾਸ
ਰੱਜਿਆ ਭੁੱਖ ਦਾ
ਤੇਰੇ ਸੁੱਖ ਮੇਰੇ ਦੁੱਖ ਦਾ
ਮੈਂ ਖ਼ੁਦ ਇਸ ਇਤਿਹਾਸ ਦਾ
ਇਕ ਬਾਬ ਹਾਂ
ਲਹੂ 'ਚ ਲਿੱਬੜੀ ਕਿਤਾਬ ਹਾਂ
ਜਿਸਦੀ ਪੈਂਤੀ ਅੱਖ਼ਰੀ ਕੋਈ ਨਹੀਂ
ਜਿਸ ਸ਼ਬਦ ਦੀ ਮਿੱਟੀ
ਅਰਥ ਹੋਈ ਨਹੀਂ
ਤੂੰ ਅਜਨਮੇਂ ਸ਼ਬਦ ਦੀ
ਹਕੀਕਤ ਹੈਂ
ਜਿਸਦੀ ਛੱਤ ਸੋਨੇ ਦੀ
ਵਿਹੜੇ ਸੂਰਜੀ ਅਰਸ਼ ਹੈ
ਮੈਂ ਇਕ ਬੂੰਦ ਹਾਂ

ਮੁੜ੍ਹਕਈ ਅਰਥਾਂ ਦੀ
ਨਾ ਸਿਰ ਤੇ ਆਸਮਾਂ ਜਿਸਦੇ
ਨਾ ਪੈਰੀਂ ਧਰਤ ਹੈ

-0-

ਤੂੰ ਕਹੇਂ
ਮੈਂ ਤੇਰੇ ਨੈਣਾਂ 'ਚ ਝਾਕਾਂ
ਮੈਂ ਕਹਾਂ
ਇਹ ਦਿਲ ਤੇਰੇ ਦਿਲ 'ਚ ਦਾਗ਼ਾਂ
ਸੱਚ ਆਖਾਂ
ਤੇ ਕਈ ਵਾਰ ਮੈਂ ਸੋਚਾਂ
ਤੂੰ ਖ਼ੁਦ ਸਿਰਜਿਆ ਹੈ
ਆਪਣੇ ਦੁਆਲੇ ਹਨ੍ਹੇਰਾ
ਤੇ ਇਹ ਸ਼ਹਿਰ ਹੁਣ ਲੱਭੇ
ਮੁਕਾ ਕੇ ਆਪਣਾ
ਕਿਸ ਬਸਤੀ ਦਾ ਸਵੇਰਾ

-0-

ਤੂੰ ਕਹੇਂ
ਮੈਂ ਤੇਰੇ ਨੈਣੀਂ ਰਹਾਂ
ਮੈਂ ਕਹਾਂ
ਇਹ ਦਿਲ ਤੇਰੀ ਸੋਚ ਦੇ ਮੋਢੀ ਧਰਾਂ

-----

## ਚਲੇ ਹਵਾ ਕੇਹੀ

ਚਲੇ ਹਵਾ ਕੇਹੀ
ਲਗੇ ਤੇਰੇ ਜੇਹੀ
ਰੁੱਤਾਂ ਦੇ ਫੇਰ ਨੇ
ਸਮਾਂ ਬਦਲ ਲਿਆ
ਪੱਤਝੜ ਉੱਡਾ ਰਹੀ ਹੈ
ਬਹਾਰਾਂ ਦੀ ਖਿੱਲਖਿੱਲੀ

-0-

ਪੁੱਛੋ ਇਸ ਉੱਚੇ ਬੁਰਜ਼ ਨੂੰ
ਚਾਨਣ ਕਦੋ ਰੁਕੇ
ਕਿਰਨਾਂ ਦੇ ਗੀਤ ਗੂੰਜਦੇ
ਤੇਰੀ ਮੇਰੀ ਗਲੀ

-0-

ਕਾਫ਼ਲਾ ਇਕ ਉਮਰ ਦਾ
ਚੀਰ ਜੋ ਆਇਆ ਹਨ੍ਹੇਰ
ਧੂੜ ਪੈਰਾਂ ਦੀ ਉਹਦੇ
ਮੰਜ਼ਿਲ ਉੱਡੀਕਦੀ

-0-

ਵੇਖ ਦੀਵੇ ਦੀਦਿਆਂ ਦੇ
ਹਨ ਬੰਨੇਰੀਂ ਬਲ ਰਹੇ
ਲੋਅ ਦੇ ਸਾਗਰ 'ਚ
ਚੰਦਰੀ ਸ਼ਾਮ ਕੋਈ ਤਿਲ੍ਹਕੇ ਪਈ

-0-

ਆਓ
ਕਿ ਛੋਹੀਏ ਗੀਤ ਕੋਈ
ਘਰਾਂ ਦੇ ਨਿੱਘ ਜਿਹਾ
ਬੋਲੀ ਹਨ੍ਹੇਰੀ ਰਾਤ ਹੈ
ਛੱਤਾਂ ਤੋਂ ਢਲ ਗਈ

-0-

ਧਰਤੀ ਦਾ ਅੰਬਰ ਜਨਮਣਾ
ਧਰਤੀ ਦੀ ਮਿੱਟੀ ਚੋਂ
ਧਰਤੀ ਹੈ ਨਕਸ਼ ਜਿਸਦੇ
ਕੁੱਖ 'ਚ ਉਲੀਕਦੀ

-----

# ਬੂੰਦ ਸਮੁੰਦਰ ਹੈ

ਤੂੰ ਕੋਈ ਬਾਜ਼ ਨਹੀਂ
ਚਿੜੀਆਂ ਦਾ ਹੈ ਚੋਗਾ
ਬੇਖ਼ਬਰ
ਹਸਤੀਏ-ਪੱਤਾ ਹੀ ਸ਼ੱਜਰ ਹੈ
ਇਕ ਬੂੰਦ ਸਮੁੰਦਰ ਹੈ
ਇਕ ਜ਼ਰਾ ਤੂਫ਼ਾਂ ਹੈ

-0-

ਤੇਰਾ ਹੀ ਚਿਹਰਾ ਹੈ
ਤੇਰਾ ਹੀ ਦਰਪਣ ਹੈ
ਤੇਰੀ ਹੀ ਸੂਲੀ ਤੇ
ਤੇਰੀ ਹੀ ਗਰਦਨ ਹੈ

-0-

ਤੇਰਾ ਹੀ ਪਿੱਛਾ ਸੀ
ਤੇਰੇ ਜੋ ਅੱਗੇ ਹੈ
ਤੇਰੇ ਹੀ ਮਾਹੁਰੇ ਦਾ
ਤੇਰੇ ਤੇ ਅਸਰ ਹੈ
ਤੇਰੇ ਹੈ ਸਾਹਵੇਂ ਅੱਜ
ਤੇਰਾ ਜੋ ਹਸ਼ਰ ਹੈ

-0-

ਕੱਲ੍ਹ ਸ਼ਾਮ ਜੋ ਚੁੱਲ੍ਹਿਆਂ 'ਚ
ਇਕ ਸਰਦ ਉਦਾਸੀ ਸੀ
ਅੱਜ ਸੁਬ੍ਹਾ ਬਦਲ ਗਈ
ਦਾਵਾਨਲ ਬਣਿਆ ਹੈ

-0-

ਬਸਤੀ ਦਾ ਪਸੀਨਾ ਹੀ
ਹਨ ਤਾਜ ਦੀਆਂ ਨੀਹਾਂ

ਇਸ ਤਾਜ਼ ਦੇ ਸਾਏ 'ਚ
ਬਸਤੀ ਦੀ ਹੱਥੇਲੀ ਤੇ
ਇਕ ਜੰਗਲ ਉੱਗਿਆ ਹੈ

–0–

ਇਹ ਕਿਸ ਦੀ ਮਿਹਨਤ ਸੀ
ਕਿਸ ਦਾ ਸਰਮਾਇਆ ਹੈ
ਐ ਰੌਸ਼ਨ ਫ਼ਾਨੂਸਾ
ਬਸਤੀ ਦਾ ਹਨ੍ਹੇਰਾ ਵੀ
ਤੇਰੇ ਚੋਂ ਹੀ ਆਇਆ ਹੈ

–0–

ਖੇਤਾਂ ਵਿਚ ਬੀਜ ਦਿਓ
ਹਾੜ੍ਹੀ ਤਲਵਾਰਾਂ ਦੀ
ਧਰਤੀ ਨੇ ਲੋਕਾਂ ਨੂੰ
ਪੌਣਾਂ ਥੀਂ ਸੁਣਾਇਆ ਹੈ

–0–

ਤੂੰ ਕੋਈ ਬਾਜ਼ ਨਹੀਂ
ਚਿੱੜੀਆਂ ਦਾ ਹੈਂ ਚੋਗਾ
ਬੇਖ਼ਬਰ
ਹਸਤੀਏ–ਪੱਤਾ ਹੀ ਸ਼ੱਜਰ ਹੈ
ਇਕ ਬੂੰਦ ਸਮੁੰਦਰ ਹੈ
ਇਕ ਜ਼ਰਾ ਤੂਫ਼ਾਂ ਹੈ

–––––

# ਅੰਨ੍ਹਾ ਖੂਹ

ਅੰਨ੍ਹਾ ਖੂਹ ਹੈ
ਨਾ ਕੋਈ ਸੂਰਜ ਦੀ ਕਿਰਨ
ਨਾ ਹਵਾ
ਬਸ ਜਿਸਮ ਗਾਂਹਦਾ ਜਾ ਰਿਹਾ ਹੈ
ਮੁਸ਼ੱਕਤਾਂ ਦੇ ਗਾਹ
ਵਿੱਕ ਰਹੀ ਹੈ ਜ਼ਿੰਦਗੀ
ਟੱਕਿਆਂ ਦੇ ਭਾਅ

-0-

ਰੌਸ਼ਨੀ ਦਾ ਸ਼ਹਿਰ
ਕਿੰਨੀ ਦੂਰ ਹੈ
ਰੌਸ਼ਨੀ ਦਾ ਸ਼ਹਿਰ ਹੈ
ਕਿਹੋ ਜਿਹਾ
ਜੋ ਸੁਫ਼ਨਿਆਂ ਤੋਂ ਵੱਖ ਹੈ
ਸਥੂਲ ਹੈ ਮੁੜ੍ਹਕੇ ਜਿਹਾ

-0-

ਜ਼ਿੰਦਗੀ ਦੇ ਸਾਹ ਨੂੰ
ਰੌਸ਼ਨੀ ਦੇ ਸ਼ਹਿਰ ਦੀ ਹੀ ਰੱਖ ਹੈ
ਮਜ਼ਦੂਰ ਦਾ ਮੁੜ੍ਹਕਾ
ਜਿੱਥੇ ਅਤਰ ਹੈ
ਉਹ ਸੁਹਣੀ ਧਰਤ ਹੈ
ਸਿਰ ਜਿਹਦੇ
ਬਸ ਆਪਣਾ ਇਕ ਛੱਤਰ ਹੈ

-----

## ਸੰਬੋਧਨ

ਐ ਦੋਸਤ
ਇਸੇ ਸੜਕ ਤੋਂ ਲੰਘੀਆਂ ਹਨ
ਪੰਦਰਾਂ ਅਸਗਤ ਛੱਬੀ ਜਨਵਰੀ ਨੂੰ
ਤੇਰੀਆਂ ਘੋੜ ਸਵਾਰ ਫੌਜਾਂ
ਤੇ ਟੈਂਕਾਂ ਤੇ ਬੀੜੀਆਂ ਤੋਪਾਂ
ਜਿਨ੍ਹਾਂ ਦੀ ਪਿੱਠ ਤੇਰੇ ਵੱਲ
ਜਿਨ੍ਹਾਂ ਦੇ ਮੂੰਹ ਲੋਕਾਂ ਵੱਲ

-0-

ਇਸੇ ਸੜਕ ਤੋਂ
ਇਸੇ ਪਟੜੀ ਤੋਂ ਲੰਘਦੇ ਹਨ
ਤੇਰੇ ਘਰ ਨੂੰ
ਸਾਡੇ ਖੇਤਾਂ ਚੋਂ
ਕਪਾਹ ਮੱਕੀ ਚੌਲ ਤੇ
ਕਣਕਾਂ ਢੋਣ ਲਈ
ਗੱਡੀਆਂ ਦੇ ਪਈਏ
ਟਰੱਕਾਂ ਦੇ ਟਾਇਰ
ਤੇ ਹਰ ਪਲ
ਇਸੇ ਪਟੜੀ ਤੇ ਸਿਰ ਧਰਦੀ ਹੈ
ਕੋਈ ਗਰਭਵਤੀ ਮਜਬੂਰੀ
ਜਾਂ ਕੋਈ ਹਰੀ ਭਰੀ ਪੈਲੀ
ਇਕੋ ਗੱਲ ਹੈ

-0-

ਤੇਰੀਆਂ ਖਾਣਾਂ
ਤੇ ਕਾਰਖ਼ਾਨਿਆਂ 'ਚ
ਬਲ ਰਹੇ ਹਨ

ਸਾਡੇ ਹੱਥ ਪੈਰ ਤੇ ਗੋਡੇ
ਢਾਲ ਰਹੇ ਹਨ
ਪਿੱਤਲ ਲੋਹਾ ਤੇ ਤਾਂਬਾ

-0-

ਪਰ ਤੂੰ
ਹਰ ਸਾਲ ਆਪਣੇ ਮੂੰਹ 'ਚ
ਸੋਨੇ ਦਾ ਇਕ ਦੰਦ ਲਵਾ ਲੈਨੇ
ਤੇ ਪਿੰਡੋਂ ਬਾਹਰ
ਸ਼ਮਸ਼ਾਨ 'ਚ ਹਰ ਪਲ
ਇਕ ਨਵੀਂ ਢੇਰੀ ਵਧਾ ਦੇਨੇ

-0-

ਦੋਸਤ
ਤੂੰ ਇਸ ਪਿੰਡ ਨੂੰ
ਕਸਬੇ 'ਚ ਬਦਲਿਆ
ਤੇ ਮੁਹੱਈਆ ਕੀਤਾ
ਪਥਰੀਲੀ ਭੋਂ ਚੋਂ ਪਾਣੀ
ਜੋ ਸਾਡੇ ਖੇਤਾਂ ਚੋਂ
ਤੇਰੀ ਸੁਰੰਗ ਦੇ ਰਾਹੀਂ
ਕਸਬੇ ਤੋਂ ਰਾਜਧਾਨੀ ਤੱਕ ਜਾਂਦਾ ਹੈ
ਤੇ ਤੇਰੇ ਲਿਵਿੰਗ ਰੂਮ ਦੇ
ਗ਼ਮਲੇ 'ਚ ਉੱਗੇ
ਕੈਕਟਸ ਨੂੰ ਲੱਗਦਾ ਹੈ
ਤੇ ਇਕ
ਮੋਏ ਸਰੂਟ ਦੇ ਡੀਲੇ
ਤੇਰੀ ਮਹਿਮਾਨਗਾਹ ਦੀ ਸ਼ੋਭਾ ਹਨ

-0-

ਤੂੰ ਪਿੰਡ ਦੀ
ਹਰ ਵਹਿਣੀ ਤੇ ਗਲੀ

ਪੱਕੀ ਕਰ ਦਿੱਤੀ
ਭੁੱਖੇ ਘਰਾਂ ਦੀਆਂ ਛੱਤਾਂ ਤੇ
ਧਰ ਰੌਸ਼ਨੀ ਦਿੱਤੀ
ਤਾਂ ਕਿ
ਜਿਨਸੀ ਜਾਂ ਸਰੀਰਕ
ਚੋਰੀ ਦਾ ਡਰ ਲੋਕਾਂ ਨੂੰ ਨਾ ਰਹੇ
ਉਹ ਸੌਂ ਸਕਣ ਲੰਮੀਆਂ ਤਾਣ ਕੇ
ਤੂੰ ਚਿੱਟੇ ਦਿਨੀਂ
ਆਪਣੇ ਪੈਰੋਕਾਰਾਂ ਦੇ ਰਾਹੀਂ
ਲੁੱਟ ਸਕੇਂ
ਸਾਲ ਸੋਲ੍ਹਵੇਂ ਦੀ ਭਰਵੀਂ ਫ਼ਸਲ
ਝਾੜ ਦਏਂ ਅੰਬਾਂ ਤੋਂ ਬੂਰ
ਡੋਲ੍ਹ ਦਏਂ ਕੋਇਲ ਦੇ ਕੰਠੀ ਤਿਜ਼ਾਬ
ਤਾਂ ਕਿ ਕਸਬੇ ਦੀ ਜ਼ੁਬਾਨ
ਲੋਕਾਂ ਰੁੱਖਾਂ ਤੇ ਖੇਤਾਂ ਨੂੰ
ਦੱਸ ਨਾ ਸਕੇ ਤੇਰਾ ਹਿਸਾਬ

-0-

ਦੋਸਤ
ਅਸੀਂ ਸਮਝ ਗਏ ਹਾਂ
ਤੇਰਾ ਇਕ ਅੱਖ ਨਾਲ
ਚੌਗਿਰਦੇ ਵੇਖਣਾ
ਤੇ ਲੈ ਕੇ ਆਏ ਹਾਂ
ਮੋਈਆਂ ਪੈਲੀਆਂ
ਕੱਚੀ ਉਮਰ ਦੀਆਂ ਲੁੱਟੀਆਂ ਫ਼ਸਲਾਂ
ਤਲੀ ਤੇ ਸੁੱਕੇ ਪਾਣੀ ਦਾ ਪਹਾੜ
ਰੌਸ਼ਨੀ ਦੀ ਗੱਲ ਦੱਸਣ ਆਏ ਹਾਂ
ਤੈਨੂੰ ਸਿਰਫ਼ ਤੈਨੂੰ

ਜਿਸ ਪਿੰਡ ਚੋਂ ਕਸਬਾ
ਉੱਗਾਇਆ ਹੈ
ਤੇ ਪਿੰਡ ਦੀ ਰੂਹ ਨੂੰ
ਸ਼ਮਸ਼ਾਨ ਬਣਾਇਆ ਹੈ

-0-

ਪਿੰਡ ਦੀ ਹਰ
ਆਉਣ ਜਾਣ ਵਾਲੀ ਸੜਕ
ਥਾਨ ਵਾਂਗ ਲਪੇਟ
ਪਾਣੀ ਤੇ ਰੌਸ਼ਨੀ
ਆਪਣੀ ਜੁੱਤੀ ਹੇਠ ਦਬਾ
ਤੂੰ ਪਿੰਡੋਂ ਬਾਹਰ ਹੋਕਰਾਂ ਦੇ
ਰਿਹਾ ਹੈ
ਮੱਕੀ ਕਣਕ ਕਪਾਹ ਵੱਟੇ
ਸਬਜ਼ੀਆਂ ਰੋਟੀਆਂ ਤੇ ਕਪੜਾ
ਲਹੂ ਬਦਲੇ ਪਾਣੀ
ਜਿਸਨੂੰ ਲੋੜ ਹੈ
ਉਹ ਪਿੰਡੋਂ ਬਾਹਰ ਆ ਜਾਵੇ

-0-

ਪਿੰਡ ਦੀ ਗਰਭਵਤੀ ਧਰਤੀ
ਤੇਰੀ ਆਵਾਜ਼ ਤੋਂ ਸਹਿਮੀ
ਇਕ ਕੈਕਟਸ ਤਰੂੰਦੀ ਹੈ
ਤੇਰੀ ਸ਼੍ਰਿਸਟੀ 'ਚ
ਤੇਰੀ ਸੋਚ ਸੂੰਦੀ ਹੈ
ਤੇਰੇ ਜੀਵਨ ਦਾ ਇਹ ਬਿੰਬ ਹੈ
ਜੋ ਲਿਵਿੰਗ ਰੂਪ 'ਚ ਪਲਿਆ
ਤੇ ਸ਼ੋਭਾ ਮਹਿਮਾਨਗਾਹ ਦੀ ਬਣਿਆਂ

-0-

ਐ ਦੋਸਤ
ਇਸੇ ਸੜਕ ਤੋਂ ਲੰਘੀਆਂ ਹਨ
ਪੰਦਰਾਂ ਅਗਸਤ ਛੱਬੀ ਜਨਵਰੀ ਨੂੰ
ਤੇਰੀਆਂ ਘੋੜ ਸਵਾਰ ਫੌਜਾਂ
ਤੇ ਟੈਂਕਾਂ ਤੇ ਬੀੜੀਆਂ ਤੋਪਾਂ
ਜਿਨ੍ਹਾਂ ਦੀ ਪਿੱਠ ਤੇਰੇ ਵੱਲ
ਜਿਨ੍ਹਾਂ ਦੇ ਮੂੰਹ ਲੋਕਾਂ ਵੱਲ

-----

# ਕਾਲੀ ਨਦੀ

ਲੈ ਧਰਤੀ ਤੋਂ
ਉੱਚਾ ਵਗਦੀਏ ਕਾਲੀਏ ਨਦੀਏ
ਲੰਘ ਜਾਣ ਦੇ ਮੈਨੂੰ ਉਸ ਪਾਰ
ਤੱਕ ਲੈਣ ਦੇ ਉਹ ਚਿਹਰਾ
ਜਿਸਮਾਂ ਦੇ ਵੱਗਦੇ ਸਾਗਰ ਦਾ
ਪੱਥਰ ਹੋਇਆ
ਸੁੱਕੀਆਂ ਅੱਖ੍ਹਾਂ ਦੇ ਵਿਚਕਾਰ
ਬੁੱਲ੍ਹ ਜਿਹਦੇ ਰੋਟੀ ਦਾ ਕੰਢਾ
ਮੱਥੇ ਜਿਹਦੇ ਉੱਗੀ ਤਲਵਾਰ
ਜਿਸਮ ਜਿਹਦਾ ਖੇਤ ਨੇ ਮੇਰੇ
ਨੱਕ ਜਿਹਦਾ ਮੁੜ੍ਹਕੇ ਦੀ ਧਾਰ

-0-

ਮੇਰੇ ਪਿੱਛੇ ਮੇਰੇ ਵਰਗੇ
ਹੋਰ ਵੀ ਚਿਹਰੇ ਆ ਰਹੇ ਹਨ
ਸਰ ਕੀਤੇ ਜਿਨ੍ਹਾਂ ਕਈ ਪਰਬਤ
ਤੇਰੀ ਜਿਹੀਆਂ
ਜ਼ਹਿਰੀ ਕਾਲੀਆਂ ਮਧਨਈ ਨਦੀਆਂ
ਪਲ 'ਚ ਲਈਆਂ ਜਿਨ੍ਹਾਂ ਖਲਾਰ

-0-

ਤੱਕ ਮੇਰੇ ਵੱਲ
ਪਾਰ ਹਨ੍ਹੇਰੇ ਕੰਢੇ ਲਈ
ਸਿਰ ਦਾ ਦੀਵਾ
ਆਪਣੀ ਤਲੀ ਤੇ ਬਾਲ ਲਿਆਇਆ
ਆਪਣਾ ਚਾਨਣ
ਤੇਰਾ ਹਨ੍ਹੇਰਾ ਨਾਲ ਲਿਆਇਆ
ਫਿਰ ਨਾ ਆਖੀਂ

ਲਈ ਨਾ ਤੇਰੀ
ਤੇਰੇ ਆਪਣੇ ਜਮਿਆਂ ਸਾਰ
–0–
ਜਿਨ੍ਹੀਂ ਰਾਹੀਂ
ਤੂੰ ਵਗਦੀ ਹੈਂ
ਉਹ ਰਾਹ
ਤੇਰੇ ਤੋਂ ਵਗਣੇ ਨੇ
ਜੋ ਹਨ੍ਹੇਰੇ ਬੀਜ ਰਹੀ ਹੈਂ
ਉਹ ਹਨ੍ਹੇਰੇ ਤੂੰ ਲੰਘਣੇ ਨੇ
–0–
ਇਕ ਸੀ ਰਾਜਾ
ਇਕ ਸੀ ਰਾਣੀ
ਰਾਜਾ ਰਾਣੀ ਇਕ ਕਹਾਣੀ
ਹੁਣ ਹਾਂ ਆਪਾ ਅਸੀਂ ਸਾਰੇ
ਇਕੱਲੀ ਤੂੰ!
ਆਪਣੇ ਸਨਮੁਖ ਲੋਕਾਂ ਵਿਚਕਾਰ
ਐ ਧਰਤੀ ਤੋਂ
ਉੱਚਾ ਵਗਦੀਏ ਕਾਲੀਏ ਨਦੀਏ
ਲੰਘ ਜਾਣ ਦੇ ਮੈਨੂੰ ਉਸ ਪਾਰ
ਜਿੱਥੇ ਇਕ ਜਨਮ ਤੋਂ ਪਹਿਲਾਂ
ਰੂਹ ਆਪਣੀ ਤੋਂ
ਆਇਆ ਸਾਂ
ਮੈਂ ਜਿਸਮ ਉਤਾਰ
–0–
ਪਰਤ ਜਾਣ ਦੇ
ਉਨ੍ਹਾਂ ਅਰਥਾਂ ਦੀ ਦੁਨੀਆਂ ਵਿਚ
ਸ਼ਬਦ ਜਿਨ੍ਹਾਂ ਦੇ ਖੇਤੀ ਉੱਗੇ

ਢਾਲਾਂ ਗੋਲੀਆਂ ਬਣ ਅੰਗਿਆਰ
ਵੇਖ
ਹਵਾ ਨੇ ਰੁਖ਼ ਬਦਲਿਆ
ਮੁੜ੍ਹਕਾ ਬਸਤੀ ਦਾ ਸੁਕਾ ਕੇ
ਫਿਰ ਵਗੇ ਮਹਿਲਾਂ ਵਿਚਕਾਰ
ਐ ਧਰਤੀ ਤੋਂ
ਉੱਚਾ ਵਗਦੀਏ ਕਾਲੀਏ ਨਦੀਏ
ਲੰਘ ਜਾਣ ਦੇ ਮੈਨੂੰ ਉਸ ਪਾਰ

------

## ਭਾਰਤ-ਪਾਕ

ਮੇਰੇ ਮਸਤਕ 'ਚ
ਅਜੇ ਵੀ ਸੜ ਰਿਹਾ
ਮੇਰਾ ਲਹੂ
ਤੈਨੂੰ ਭੁੱਲ ਗਈ ਲਗੇ
ਥਲਾਂ 'ਚ ਵਰਗੀ ਅੱਗ

-0-

ਤੂੰ ਧਰ ਕੇ
ਸਾਗਰ ਤਲੀ ਮੇਰੀ
ਮੇਰੇ ਤੋਂ ਇੰਜ ਵਿਦਾ ਹੋਈ
ਸੜਦੀ ਅੱਗ ਥਲਾਂ ਦੀ ਜਿਉਂ
ਦੇਹ ਚੋਂ ਗੁਜ਼ਰ ਗਈ

-0-

ਮੈਂ ਰੌਣਕ ਸਾਂ
ਸਿਰ ਤੋਂ ਪੈਰਾਂ ਤੱਕ
ਤੂੰ ਫੇਰੀ ਨਜ਼ਰ ਕੀ ਸੱਜਣ
ਉਦਾਸੀ ਛੱਤ ਦੇ ਰਾਹੀਂ
ਵਿਹੜੇ 'ਚ ਉਤਰ ਗਈ

-0-

ਉਸ ਹਨ੍ਹੇਰੀ ਨੂੰ
ਬੜੇ ਹੀ ਔਲਿਆਂ ਦੇ
ਰੁੱਖ ਰੋਏ ਸਨ
ਫ਼ਸਲ ਕੁੱਖ ਤੱਕ
ਜਿਨ੍ਹਾਂ ਦੀ ਸੁਬ੍ਹਾ ਝੜ ਗਈ

-0-

ਹੁਣ ਵੀ ਜ਼ਾਮਨ ਹੈ
ਸਤਲੁਜ ਦਾ ਕੰਢਾ
ਮੌਤ ਦਾ ਸਾਗਰ ਸੀ
ਜ਼ਿੰਦਗੀ ਤਰ ਗਈ

ਲਾਲ ਸੂਹੇ ਹੋ ਗਏ
ਰੁੱਖਾਂ ਦੇ ਪੱਤਰ
ਖ਼ੂਨ ਦੀ ਰੰਗਤ
ਜਿੱਧਰ ਵੀ ਗਈ
ਇਕ ਫ਼ਾਸਲਾ ਸੀ
ਤਹਿ ਕਰਨਾ ਨੰਗੇ ਪੈਰੀਂ ਅਸੀਂ
ਬਗਲਿਆਂ ਦੀ ਜੁੰਡਲੀ
ਅੰਗਿਆਰ ਰਾਹਾਂ 'ਚ
ਨਜ਼ਰ 'ਚ ਕੰਢੇ ਧਰ ਗਈ

-0-

ਆਪਣੇ ਦਰਮਿਆਨ ਅਸਾਂ
ਕਾਗ਼ਜ਼ੀ ਦੀਵਾਰ ਚਿਣ ਲਈ
ਕਿ ਛਾਂ ਤੇਰੇ ਪਲਕਾਂ ਦੀ
ਮੇਰੀ ਧੁੱਪ ਦੇ ਟੋਟੇ ਨੂੰ ਤਰਸ ਗਈ
ਮਹਿਫ਼ਲਾਂ ਸਨ
ਜਿਨ੍ਹਾਂ ਪਿੱਪਲਾਂ ਹੇਠ
ਮਿੱਤਰਾਂ ਦੀਆਂ
ਕੰਧ ਤੋਂ ਝਾਕਾਂ
ਇਕ ਇਕ ਪੈਰ ਤੇ
ਬਸਤੀ ਹੈ ਚੌਕੀਆਂ ਦੀ ਬਣ ਗਈ

-0-

ਸਲਮਾ
ਮੈਂ ਤੇਰਾਂ ਪਥਰਾ ਗਿਆ
ਉਹ ਚੰਨ ਹਾਂ
ਚਾਨਣੀ ਹੈ ਜਿਸਦੀ
ਮੁੱਦਤਾਂ ਤੋਂ ਬੁੱਝ ਗਈ
ਹਨ੍ਹੇਰਾ ਕਰ ਗਈ

-0-

ਸਲਮਾ ਤੂੰ ਸੁਣਾ
ਤੇਰੀ ਗਲ੍ਹ ਦਾ ਤਿਲ ਹੈ ਕਿਹੋ ਜਿਹਾ
ਰੰਗ ਤੇਰਾ ਹੁਣ ਵੀ ਹੈ
ਕੰਧ ਪਿੱਛੇ ਉੱਗੇ
ਕਸ਼ਮੀਰੀ ਸਿਓ ਜਿਹਾ
ਸਲਮਾ ਹੁਣ ਵੀ
ਉਸ ਅੰਬ ਦੀਆਂ ਨੇ
ਖੱਟੀਆਂ ਅੰਬੀਆਂ
ਜੋ ਪੀਪਣੀ ਚੋਂ ਬੋਲਦਾ ਸੀ
ਮਾਖਿਓਂ ਜਿਹਾ

-0-

ਸਲਮਾ ਈਦ ਹੈ ਅੱਜ
ਆਪਣੀਆਂ ਬਾਹਾਂ 'ਚ
ਆਪਣੇ ਆਪ ਨੂੰ ਮੈਂ ਘੁੱਟ ਲਿਆ ਹੈ
ਕੰਧ ਤੇ ਆਪਣੇ ਪ੍ਰਛਾਵੇਂ ਨੂੰ
ਆਪ ਚੁੰਮ ਲਿਆ ਹੈ
ਜਲ ਦੇ ਛੰਨੇ ਚੋਂ
ਆਪਣੇ ਆਪ ਨੂੰ
ਈਦ ਮੁਬਾਰਕ ਆਖ ਲਈ ਹੈ
ਚੁੱਲ੍ਹੇ 'ਚ ਧੁਖ ਰਹੀ
ਗਿੱਲੀ ਲਗਰ ਤੂਤ ਦੀ
ਸੁਣ ਰਹੀ ਏ
ਤੂੰ ਹੀ ਤੂੰ ਪੁਕਾਰ ਰਹੀ ਹੈ

-0-

ਮੇਰੇ ਮਸਤਕ 'ਚ
ਅਜੇ ਵੀ ਸੜ ਰਿਹਾ ਹੈ ਮੇਰਾ ਲਹੂ
ਤੈਨੂੰ ਭੁੱਲ ਗਈ ਲਗੇ
ਥਲਾਂ 'ਚ ਵਗਦੀ ਅੱਗ

-----

## ਮੱਕੜੀ

ਜ਼ਿੰਦਗੀ
ਤੂੰ ਤੇ ਸਾਨੂੰ ਵਾਂਗ ਮੱਕੜੀ
ਭੋਗਿਆ ਤੇ ਖਾ ਗਈ
ਖਰੀਦਦੀ ਰਹੀ ਦਿਨ ਦੁਪਹਿਰੀ
ਮੁੜ੍ਹਕਾ ਲਹੂ ਤੇ ਸਾਹ
ਖੱਟਿਆ ਸਿੱਕਿਆਂ ਦੇ ਭਾਅ

-0-

ਬਹੁਤ ਲੱਭੀ
ਭੁੱਖੇ ਢਿੱਡਾਂ ਦੇ ਸਾੜ ਨੇ
ਅੰਨ੍ਹ ਦੀ ਠੰਡੀ ਕਣੀ
ਬੱਦਲ ਜਿਹਦੇ ਖੇਤਾਂ ਚੋਂ ਉੱਠੇ
ਵਰ੍ਹ ਗਏ ਮਹਿਲਾਂ ਤੇ ਜਾ

-0-

ਮੁੜ੍ਹਕੇ ਨਾਲ ਭਿੱਜੇ
ਹੰਝੂਆਂ ਦੀ ਦਾਸਤਾਂ ਐ ਜ਼ਿੰਦਗੀ
ਤੇਰੀ ਗਤੀ ਦੀ ਕਦਰ
ਸਾਡਾ ਲਹੂ ਹੈ
ਠੋਕ ਛਾਤੀ ਆਪਣੀ
ਤੇ ਆਖਦੇ ਅਸਮਾਨ ਨੂੰ
ਕੌਣ ਰੋਕੇਗਾ
ਲਹੂ ਚੋਂ ਉੱਠ ਰਹੇ ਤੂਫ਼ਾਨ ਨੂੰ

-0-

ਜ਼ਿੰਦਗੀ ਹਾਦਸਿਆਂ ਦੀ ਲੜੀ ਹੈ
ਗ਼ਮ ਨਹੀਂ ਉਮਰ ਦੇ ਹੱਥੋਂ ਕਿਰਣ ਦਾ
ਖ਼ੁਸ਼ੀ ਹੈ ਕਿ ਰਣ ਤੋਂ ਪਾਰ
ਜ਼ਿੰਦਗੀ ਵਾਅਦੇ ਤੇ ਆਪਣੇ ਖੜ੍ਹੀ ਹੈ

-0-

ਚੀਰ ਜਾ
ਲਹੂ ਦੀ ਨਦੀ ਨਹੀਂ ਏ
ਅੱਖੀਆਂ ਨੂੰ ਲਹੂ ਦਾ
ਬਸ ਭਰਮ ਹੈ
ਤੇਰੀ ਮੁਸ਼ਕਤ ਦੀ
ਕੀ ਇਸ ਨੂੰ ਕਦਰ ਹੈ
ਤੇਰੇ ਪਸੀਨੇ ਦੀ
ਕੀ ਇਸਨੂੰ ਸ਼ਰਮ ਹੈ

-0-

ਪੈ ਰਹੀ ਹੈ ਭਿਣਕ ਕੰਨੀਂ
ਧਰਤੀ ਦੇ ਕੰਠੋਂ ਗੀਤ ਦੀ
ਆ ਰਹੀ ਹੈ ਪੌਣਾਂ ਚੋਂ
ਮਹਿਕ ਜਿਹੀ ਉਮੀਦ ਦੀ
ਉੱਗ ਪਏ ਨੇ ਚੰਨ ਤਾਰੇ
ਧਰਤੀ ਦੀ ਆਪ੍ਣੀ ਕੁੱਖ ਚੋਂ
ਤੇ
ਸਾਂਵਲੀ ਜਿਹੀ ਚਾਂਦਨੀ
ਦੰਦੇ ਤੇ ਬਹਿ ਕੇ ਧੁੱਪ ਦੇ
ਹੈ ਅੰਗ ਆਪਣੇ ਕੂਚਦੀ
ਸੁਫ਼ਨਿਆਂ ਨੂੰ ਮਾਂਜਦੀ
ਖ਼ਿਆਲਾਂ 'ਚ ਡੁੱਬਦੀ ਸੀ ਕਦੇ
ਹਕੀਕਤਾਂ ਲੱਭਣ ਲਈ
ਹਕੀਕਤਾਂ 'ਚ ਡੁੱਬਕੇ ਹੁਣ
ਹੈ ਸੁਫ਼ਨਿਆਂ ਨੂੰ ਤਾਰਦੀ

-----

## ਪਹਿਲਾ ਕਦਮ

ਸ਼ਹਿਰ ਹੈ
ਕਿ ਪੂਛਲ ਤੀਕਣ ਬਲ ਰਿਹਾ
ਸਮੁੰਦਰ ਹੈ
ਕਿ ਦੰਦਾਂ ਤੀਕਣ ਠਰ ਰਿਹਾ
ਹਵਾ ਹੈ
ਕਿ ਜੀਭ ਤੇ ਛਾਲੇ ਲੈ ਕੇ ਵਗ ਰਹੀ
ਬੁੱਝ ਰਹੀ ਤੇ ਜਗ ਰਹੀ

-0-

ਟੀਸੀਆਂ ਕਾਲਿਆਂ ਰੁੱਖਾਂ ਦੀਆਂ
ਕਾਲਿਆਂ ਅੰਬਰਾਂ ਨੂੰ ਨੇ ਮਿਲ ਰਹੀਆਂ
ਧਰਤੀ ਦੇ ਕੂਲੇ ਅੰਗ
ਕਿੰਜ ਨੇ ਛਿੱਲ ਰਹੀਆਂ

-0-

ਮੈਂ ਕਿਵੇਂ
ਪੈਰਾਂ ਦੁਆਲੇ ਬੰਨ੍ਹ ਕੇ ਰਾਹ
ਦੇਹ 'ਚ ਸਾਰਾ ਸੌਂ ਗਿਆ
ਜ਼ਿੰਦਗੀ ਦੇ ਵੇਗ ਤੋਂ ਅਲੱਗ
ਕਿਵੇਂ ਮੈਂ ਹੋ ਗਿਆ
ਮੈਂ ਤਾਂ ਆਪਣੇ ਆਪ ਵਿਚ
ਇੱਕ ਧੁਰਾ ਹਾਂ
ਇੱਕ ਕੁੱਖ ਹਾਂ
ਜੰਮਣ ਲਈ ਸੂਰਜ ਜਿਹਾ ਪਲੇਠਾ ਪੁੱਤ

-0-

ਮੈਂ ਤਾਂ
ਧਰਤੀ ਦੇ ਬੁਲ੍ਹਾਂ ਦਾ ਗੀਤ ਹਾਂ
ਮੈਂ ਤਾਂ ਅੱਗ ਦਾ ਦਿਲ ਹਾਂ
ਮੈਂ ਕਿਉਂ

ਆਪਣੇ ਪੈਰਾਂ ਤੇ ਆਪੇ ਰੁਕ ਗਿਆ
ਮੈਂ ਸਮੁੰਦਰ ਹੋ ਕੇ ਕਾਹਨੂੰ ਸੁੱਕ ਗਿਆ

-0-

ਮੈਂ ਤਾਂ ਪਹਿਲਾ ਕਦਮ ਹਾਂ
ਧਰਤ ਦੇ ਅਗਾਜ਼ ਦਾ
ਮੈਂ ਤਾਂ ਇਕ ਅਰਥ ਭਰਿਆ
ਬੋਲ ਹਾਂ
ਮਿੱਟੀ ਜਿਹੇ ਰੰਗ ਦਾ
ਮਿੱਟੀ ਦੀ ਅਵਾਜ਼ ਹਾਂ
ਮੈਂ ਤਾਂ ਜਿਉਂਦਾ-ਜਾਗਦਾ ਰਾਗ਼ ਹਾਂ
ਬੁੱਧੀ 'ਚ ਤਰਾਸ਼ੇ ਸਾਜ਼ ਦਾ

-0-

ਮੈਂ ਕਦੀ ਪਿਆਸੀ ਧਰਤ ਸਾਂ
ਜਿਸ ਦੇ ਉਤੋਂ ਸਨ ਦਰਿਆ ਵਗ ਰਹੇ
ਐ ਮੇਰੇ ਸਾਏ
ਮੈਂ ਉਹੀ ਜਿਸਮ ਹਾਂ
ਸਾਏ ਆਪਣੇ ਜਿਸ ਤੋਂ ਅਲੱਗ ਰਹੇ
ਮੈਂ
ਕਿਰਨਾਂ 'ਚ ਵਗਦੀ ਲੋਅ ਹਾਂ
ਅਕਾਸ਼ ਦਾ ਸੂਰਜ
ਧਰਤੀ ਦੀ ਖ਼ੁਸ਼ਬੋ ਹਾਂ

-0-

ਸ਼ਹਿਰ ਹੈ
ਕਿ ਪੂਛਲ ਤੀਕਣ ਬਲ ਰਿਹਾ
ਸਮੁੰਦਰ ਹੈ
ਕਿ ਦੰਦਾਂ ਤੀਕਣ ਠਰ ਰਿਹਾ
ਹਵਾ ਹੈ
ਕਿ ਜੀਭ ਤੇ ਛਾਲੇ ਲੈ ਕੇ ਵਗ ਰਹੀ
ਬੁੱਝ ਰਹੀ ਤੇ ਜਗ ਰਹੀ

-----

## ਸਿਰਾਂ ਦਾ ਜੰਗਲ

ਐ ਕਿਰਤ ਦੇ ਸੋਮੇ
ਐ ਕਿਰਤ ਦੇ ਚਾਨਣ
ਐ ਚਿਟਿਆਈ ਰੌਸ਼ਨੀ ਦੀ

–0–

ਮੈਂ ਤੈਨੂੰ
ਸ਼ਹਿਰ ਦੇ ਸਥੂਲ ਪਿੰਡੇ ਚੋਂ
ਕਦੀ ਹੱਸਦੇ
ਕਦੀ ਰੋਂਦੇ
ਕਦੀ ਅੱਖੀਆਂ 'ਚ ਪਸਾਰੀ ਮੌਤ
ਕਦੀ ਤੈਨੂੰ
ਇਕ ਬੂੰਦ ਮੁੜ੍ਹਕੇ ਦੀ ਚੋਂ
ਸੂਰਜ ਵਾਂਗ ਚੜ੍ਹਦਿਆਂ ਤੱਕਿਐ

–0–

ਸ਼ਹਿਰ ਦੀ
ਉਮਰ ਹੈ ਓਨਾ ਸਮਾਂ
ਲਹੂ ਚੋਂ ਨੁੱਚੜਦੈ
ਮੁੜ੍ਹਕਾ ਜਿੰਨਾ

–0–

ਸ਼ਹਿਰ ਦੀਆਂ ਨੀਹਾਂ 'ਚ
ਜੋ ਲਹੂ ਪਸੀਨਾ ਬਣਕੇ ਚੋਇਆ ਸੀ
ਸ਼ਹਿਰ ਦੇ ਚਿਹਰੇ ਤੇ
ਰੁੱਖਾਂ ਵਾਂਗ ਉੱਗਾ ਹੈ
ਸੂਰਜ ਵਾਂਗ ਉਦੈ ਹੋਇਆ ਹੈ
ਰੁੱਖਾਂ ਦੀ ਛਾਂ 'ਚ
ਸ਼ਹਿਰ ਦਾ ਜਿਸਮ ਧੁੱਖਦਾ ਹੈ
ਸੂਰਜ ਦੇ ਸੇਕ 'ਚ
ਸ਼ਹਿਰ ਦਾ ਲਹੂ ਠਰਦਾ ਹੈ
ਨੀਹਾਂ 'ਚ ਚੋਏ ਲਹੂ ਚੋਂ
ਹੱਥਾਂ ਦੀ ਭੀੜ ਪੁੰਗਰੀ ਹੈ
ਸਿਰਾਂ ਦਾ ਜੰਗ ਉੱਗਿਆ ਹੈ

-----

# ਮਕੈਨਕੀ ਹੱਥ

ਮਕੈਨਕੀ ਹੱਥ
ਫੁੱਲ ਤੋੜ ਕੇ ਲਾਉਂਦਾ
ਜਦ ਮਹਿਬੂਬ ਦੇ ਕੇਸੀਂ
ਜਾਂ ਪਾਉਂਦੈ ਆਪਣੀ ਜੀਭ
ਤਰਲ ਲੋਹੇ 'ਚ
ਲੱਗੇ ਬੜਾ ਕੂਲਾ ਲੋਹੇ ਦਾ ਜੁੱਸਾ
ਅੱਖ ਦੇ ਅੱਥਰੂ ਜਿਹਾ
ਲੋਹੇ ਦਾ ਦਿਲ

-0-

ਲੋਹਾ ਪੀ ਰਿਹਾ
ਤੇ ਖਾ ਰਿਹਾ ਹੈ
ਲੋਹੇ ਦੀ ਹੋਂਦ ਜਿਉਂਦਾ
ਲਹੂ ਮਾਸ ਦਾ ਪੁਤਲਾ
ਆਧੁਨਿਕ ਵਿਸ਼ਵ ਦਾ
ਅਜੋਕਾ ਮਨੁੱਖ
ਬਿਨ ਅੱਖੀਉਂ
ਫ਼ਰਸ਼ ਤੇ ਬੈਠਾ ਆਦਮ ਦਾ ਅੱਗਾ
ਜ਼ਿਹਨ 'ਚ ਵੇਖ ਰਿਹਾ ਹੈ
ਉਂਗਲੀ ਸਪਰਸ਼ ਸੰਗ
ਹਵਾ ਦਾ ਰੰਗ
ਤੇ ਹੰਢਾਅ ਰਹੀ ਹੈ
ਗਰਭ-ਭੀੜ ਲੋਹੇ ਦੀ ਕੁੱਖ
ਪੀ ਕੇ ਨੌਂ ਬੂੰਦਾਂ
ਮਨੁੱਖ ਦੇ ਪਿਘਲੇ ਹੱਡਾਂ ਦਾ ਤਾਅ
ਜ਼ਿੰਦਗੀ ਕੰਡ ਵਿਖਾ

ਫੁੱਲਾਂ ਦੀ ਰੰਗਤ ਨੂੰ
ਕਦਮ-ਦਰ-ਕਦਮ ਵਧ ਰਹੀ ਹੈ
ਲੋਹੇ ਦੇ ਜੰਗਲ ਨੂੰ

-0-

ਮੈਂ ਸ਼ਤਰੰਜ਼ ਖੇਡਦਾ
ਕੰਪਿਊਟਰ ਨਾਲ
ਕਈ ਵਾਰ ਹੱਸਦਾ ਹਾਂ
ਮੈ ਤੈਨੂੰ ਸਿਰਜਿਐ ਸੱਜਣ
ਪਰ ਤੇਰੀ ਰਾਹ ਲਈ
ਸਰਦਲ ਤੇ ਖੜ੍ਹਾ ਹਾਂ
ਹੱਥਾਂ ਤੇ ਬਾਲ ਕੇ ਦੀਵੇ

-0-

ਮਕੈਨਕੀ ਹੱਥ
ਫੁੱਲ ਤੋੜ ਕੇ ਲਾਉਂਦਾ
ਜਦ ਮਹਿਬੂਬ ਦੇ ਕੇਸੀਂ
ਜਾਂ ਪਾਉਂਦੈ ਆਪਣੀ ਜੀਭ
ਤਰਲ ਲੋਹੇ 'ਚ
ਲੱਗੇ ਬੜਾ ਕੂਲਾ ਲੋਹੇ ਦਾ ਜੁੱਸਾ
ਅੱਖ ਦੇ ਅੱਥਰੂ ਜਿਹਾ
ਲੋਹੇ ਦਾ ਦਿਲ

----

# ਸੂਰਜ ਚੰਨ ਇਕੱਠੇ

ਅੱਧੀ ਰਾਤੀਂ
ਸੂਰਜ ਚੜ੍ਹ ਆਇਆ
ਦਿਹੁੰ ਦਾ ਤਖ਼ਤਾ ਚੰਨ ਖੜਕਾਇਆ
ਮੇਰੇ ਕੰਨਾਂ ਕੀ ਸੁਣਿਆ ਹੈ
ਦਿਨ ਚੜ੍ਹ ਆਇਆ
ਦਿਨ ਚੜ੍ਹ ਆਇਆ

-0-

ਅਜੀਬ ਜਿਹਾ ਹੈ
ਰੰਗ ਚਾਨਣ ਦਾ
ਸ਼ਹਿਰ ਦੀਆਂ ਛੱਤਾਂ ਉੱਤੇ
ਪਰ ਖ਼ੂਬ ਹੈ
ਹੱਸਿਆ ਜਿਵੇਂ ਕੋਈ ਮਹਿਬੂਬ ਹੈ

-0-

ਅੰਬਰ ਦੇ ਵਿਚ ਚੰਨ ਸੂਰਜ
ਇਕ ਦੂਜੇ ਦੀਆਂ ਅੱਖਾਂ
ਦੇ ਵਿਚ ਅੱਖਾਂ ਪਾਈ
ਕਦਮ ਮਿਲਾਈ
ਕੋਲੋਂ ਕੋਲੋਂ ਲੰਘ ਰਹੇ ਹਨ

-0-

ਸ਼ੁਰੂ ਜਵਾਨੀ ਦੇ ਸਾਲਾਂ ਜਿਹੀ
ਇਸ ਬਾਰਿਸ਼ ਵਿਚ
ਮੋਕਲੇ ਮੋਕਲੇ ਅੰਗ ਧਰਤ ਦੇ
ਮਲਮਲ ਪਿੰਡਾ ਨਹਾਉਂਦੇ ਪਏ ਨੇ
ਜਿਉਂ ਸਾਲ ਸੋਲ੍ਹਵੇਂ ਤੋਂ ਪਹਿਲਾਂ
ਨੈਣਾਂ ਵਿਹੜੇ
ਸੁਫ਼ਨੇ ਈਦ ਮਨਾਉਂਦੇ ਪਏ ਨੇ

-0-

ਕੈਸੀ ਸਰਘੀ ਕੈਸੀ ਸ਼ਾਮ
ਕੈਸਾ ਦਿਨ ਤੇ ਕੈਸੀ ਰਾਤ
ਕੈਸਾ ਤੇਰਾ ਜਲਵਾ ਯਾਰ
ਕੈਸੇ ਕੈਸੇ ਰੰਗ ਤੂੰ ਲਾਏ
ਇਕ ਅੰਬਰ ਇਕ ਧਰਤੀ
ਇਕ ਸਾਗਰ ਦੀਆਂ ਬੂੰਦਾਂ
ਵੱਖਰੇ ਵੱਖਰੇ ਰੂਪ ਬਣਾਏ
ਤੂੰ ਸਾਗਰ ਹੈਂ
ਜਲ ਵੀ ਥਲ ਵੀ
ਤ੍ਰੈਕਾਲੀ ਤੇ ਹਰ ਪਲ ਵੀ

-0-

ਅੱਧੀ ਰਾਤੀਂ
ਸੂਰਜ ਚੜ੍ਹ ਆਇਆ
ਦਿਹੁੰ ਦਾ ਤਖ਼ਤਾ ਚੰਨ ਖੜਕਾਇਆ
ਮੇਰੇ ਕੰਨਾਂ ਕੀ ਸੁਣਿਆ ਹੈ
ਦਿਨ ਚੜ੍ਹ ਆਇਆ
ਦਿਨ ਚੜ੍ਹ ਆਇਆ

-----

## ਬਾਦਸ਼ਾਹ ਦਰਵੇਸ਼

ਉਹ
ਗਰੀਬ ਬਸਤੀ ਚੋਂ ਲੰਘਿਆ
ਲੀਰਾਂ 'ਚ ਲਿਪਟੀਆਂ ਤ੍ਰੀਮਤਾਂ
ਚੁੱਲ੍ਹਿਆਂ 'ਚ
ਗਿੱਲੀ ਲੱਕੜ ਵਾਂਗ
ਧੁੱਖਦੀਆਂ ਤੱਕੀਆਂ
ਗਾਰਾ ਢੋਹਦੇ ਇੱਟਾਂ ਉਠਾਉਂਦੇ
ਸੂਰਜ ਦੀ ਗਰਮੀ 'ਚ
ਚੀਥੜੇ ਪਹਿਣੀ
ਲੋਕ ਪਿੱਘਲਦੇ ਤੱਕੇ

-0-

ਅੱਧ ਨੰਗੇ
ਬਾਲ ਬਾਲੜੀਆਂ
ਗਲੀਆਂ 'ਚ ਹੱਸਦੀਆਂ
ਰੋਂਦੀਆਂ ਖੇਡਦੀਆਂ ਤੱਕੀਆਂ
ਨਾਨਕ ਦੇ ਫ਼ੁਰਮਾਨ ਵਾਂਗ
ਇਸ ਨਗਰੀ ਨੇ
ਗਰੀਬੀ ਦੀਆਂ ਪੰਡਾਂ
ਆਪਣੇ ਅੰਦਰ ਬੰਨ ਕੇ ਰੱਖੀਆਂ ਸਨ
ਘਰਾਂ ਦੀਆਂ ਛੱਤਾਂ 'ਚ
ਮਘੋਰੇ ਸਨ
ਵਿਹੜਿਆਂ ਕੰਧਾਂ ਚੌਕਿਆਂ
ਦਿਆਂ ਚਿਹਰਿਆਂ ਤੇ
ਬੀਮਾਰੀ ਤੇ ਗਰੀਬੀ ਦੇ ਜੰਗਲ ਸਨ

-0-

ਪਰ ਨਗਰੀ ਦਾ ਜਲ ਸਾਫ਼ ਸੀ
ਅੱਗਣ ਸ਼ੁੱਧ
ਹਵਾ ਸੁਥਰੀ ਸੀ
ਅਸਮਾਨ ਨੀਲਾ
ਧਰਤੀ 'ਚ ਮਹਿਕ ਸੀ
ਨਗਰੀ 'ਚ ਵਸਦੇ ਲੋਕਾਂ ਨੂੰ
ਕੁਦਰਤ ਨੇ
ਸੱਚ ਸੁੰਦਰਤਾ ਕਲਿਆਣ ਦੀ
ਗੋਦੀ 'ਚ ਬਿਠਾਇਆ ਸੀ
ਨਗਰੀ ਦੇ ਰੰਗ ਰੂਪ
ਜਿਹਾ ਗਰੀਬੜਾ ਰੱਬ
ਉਸਨੂੰ ਲੋਕਾਂ ਚੋਂ ਨਜ਼ਰ ਆਇਆ ਸੀ

-0-

ਉਹ
ਇਕ ਖ਼ਾਲੀ ਘਰ 'ਚ ਪ੍ਰਵੇਸ਼ਿਆ
ਉਸਨੂੰ ਪੂੰਝਿਆ ਸਵਾਰਿਆ
ਮਿੱਟੀ ਦੇ ਚੌਂਕੇ 'ਚ
ਮਿੱਟੀ ਦਾ ਇਕ ਚੁੱਲ੍ਹਾ ਉਸਾਰਿਆ
ਪਾਣੀ ਦੀ ਗਾਗਰ
ਨਗਰੀ ਦੀ ਖੂਹੀ ਤੋਂ ਭਰੀ
ਘੜਵੰਜੀ ਤੇ ਰੱਖ ਦਿੱਤੀ
ਇਕ ਤਖ਼ਤਪੋਸ਼ ਤੇ ਬਹਿ ਗਿਆ
ਉਸ ਘਰ ਦਾ ਹੋ ਕੇ ਰਹਿ ਗਿਆ
ਕਬਰ ਤੱਕ ਦਾ ਸਫ਼ਰ
ਉਸ ਨਗਰੀ 'ਚ ਮੁਕਾਇਆ ਸੀ
ਮਨ ਦੀ ਸ਼ਾਂਤੀ ਰੂਹ ਦਾ ਸੱਚ

ਉਸਨੂੰ
ਨਗਰੀ ਚੋਂ ਨਜ਼ਰ ਆਇਆ ਸੀ
ਜਲ ਦਾ ਰੱਸ ਹਵਾ ਦੀ ਖੁਸ਼ਬੂ
ਮਿੱਟੀ ਦੇ ਦੀਵੇ ਦਾ ਤੇਜ ਸੀ ਜਿੱਥੇ
ਸਿਰ ਤੇ ਅੰਬਰ
ਪੈਰਾਂ 'ਚ ਧਰਤ ਹਮੇਸ਼ ਸੀ ਜਿੱਥੇ

-0-

ਨਗਰੀ ਉਸ ਲਈ ਸੱਚ ਸੀ
ਜੀਵਨ ਦਾ ਯਥਾਰਥ ਸੀ
ਮਿੱਟੀ ਦੇ ਲੋਕ
ਮਿੱਟੀ ਦੀ ਇਬਾਦਤ ਸੀ
ਪਿਆਰ ਸਾਂਝੀਵਾਲਤਾ
ਸਤਿਕਾਰ ਸੀ
ਨਾ ਓਹਲਾ ਨਾ ਪਰਦਾ
ਸੱਚ ਤੋਂ ਸੱਚ ਦਾ ਵਿਸਥਾਰ ਸੀ
ਕੋਈ ਨਹੀਂ ਸੀ ਬਾਦਸ਼ਾਹ
ਸਭ ਦਰਵੇਸ਼ ਸਨ
ਆਪੇ ਦਰਪਣ ਆਪੇ ਚਿਹਰਾ
ਆਪੇ ਰੂਹ ਆਪੇ ਵੇਸ ਸਨ

-0-

ਉਹ ਮਹਿਲਾਂ ਤੋਂ
ਮਿੱਟੀ ਦੇ ਘਰ 'ਚ
ਮਿੱਟੀ ਦਾ ਬਣਕੇ ਰਹਿ ਗਿਆ
ਇਕ ਬਾਦਸ਼ਾਹ ਦਰਵੇਸ਼ ਹੋਇਆ
ਰੱਬੀ ਦਰਗਾਹ 'ਚ ਬਹਿ ਗਿਆ

-----

## ਮੁਹੱਬਤ ਦੇ ਚਿਰਾਗ਼

ਮੇਰੇ ਚਿਹਰੇ 'ਤੇ ਜੋ ਦਾਗ਼ ਨੇ
ਤੇਰੀ ਮੁਹੱਬਤ ਦੇ ਬਲਦੇ ਚਿਰਾਗ਼ ਨੇ
ਤੇਰੀ ਜ਼ਫ਼ਾ ਦੇ ਰੁੱਖ ਨੇ
ਮੇਰੀ ਵਫ਼ਾ ਦੇ ਪੱਤਿਆਂ ਦੇ
ਹਿਸਾਬ ਨੇ

-0-

ਇਹ ਜੋ ਬੱਦਲ
ਜ਼ਖ਼ਮੀ ਹੋ ਕੇ ਅੰਬਰ ਤੋਂ ਰੋਇਆ ਹੈ
ਧਰਤ ਦੀ ਬੁੱਕਲ 'ਚ
ਇਸਦਾ ਸੱਚ ਮੋਇਆ ਹੈ
ਬੀਜ ਕੇ ਪੁੰਨ
ਤੇਰਾ ਇਸ ਪਾਪ ਧੋਇਆ ਹੈ

-0-

ਇਹ ਸੂਲੀ ਚੜ੍ਹ ਗਿਆ ਨੈਣਾਂ ਦੀ
ਇਸਦਾ ਗੁਨਾਹ ਮੁਹੱਬਤ ਸੀ
ਇਹ ਦਰਦ ਪੀ ਗਿਆ ਆਪਣਾ
ਇਸਦਾ ਗੁਨਾਹ ਮੁਹੱਬਤ ਸੀ
ਨਾ ਗਿਲਾ ਸ਼ਿਕਵਾ ਕੋਈ ਇਸਨੂੰ
ਮੁਹੱਬਤ ਦਾ ਪੁਜਾਰੀ ਸੀ
ਇਸਦਾ ਖ਼ੁਦਾ ਮੁਹੱਬਤ ਸੀ

-0-

ਸੂਲੀ ਤੇ ਚੜ੍ਹਕੇ ਵੀ ਚੁੱਪ ਹੈ
ਕੁੱਝ ਬੋਲਦਾ ਨਹੀਂ
ਖ਼ੁਦਾ ਦੇ ਬੰਦਿਆਂ ਦਾ ਕਹਿਰ ਬੰਦੇ ਤੇ
ਇਹ ਭੇਦ ਖੋਲ੍ਹਦਾ ਨਹੀਂ
ਗੁਨਾਹਗਾਰ ਕਹਿ ਕੇ ਬੰਦਿਆਂ ਨੂੰ
ਮੁਨਕਰ ਰੱਬ ਤੋਂ ਹੋਣਾ ਨਹੀਂ ਚਾਹੁੰਦਾ

ਨੂਰ ਦੀ ਇਕਾਈ ਦਾ ਸੱਚ
ਝੁਠਲਾਉਣਾ ਨਹੀਂ ਚਾਹੁੰਦਾ

-0-

ਇਨ੍ਹਾਂ ਦਾਗ਼ਾਂ ਚੋਂ
ਤੇਰਾ ਚਿਹਰਾ ਵੇਖਦਾ ਸੀ ਉਹ
ਅੱਗਣ 'ਚ ਰਾਖ਼ ਹੋਇਆ ਆਪਾ
ਸਮੇਟਦਾ ਸੀ ਉਹ
ਕਾਸ਼ ਕੁਕਨੂਸ ਹੁੰਦਾ
ਆਪਣੀ ਰਾਖ਼ ਚੋਂ ਆਪੇ ਜਨਮਦਾ
ਨਿਰੰਤਰ ਰੱਖਦਾ
ਤੇਰੀ ਵਫ਼ਾ ਦਾ ਸਿਲਸਿਲਾ
ਵਫ਼ਾ ਦੀ ਬੁੱਕਲੇ
ਚਿਰਾਗ਼ ਜ਼ਫ਼ਾ ਦਾ ਬਲਦਾ ਰਹੇ
ਇਹ ਕਾਰਵਾਂ ਨੈਣਾਂ 'ਚ ਨੈਣਾਂ ਦੇ
ਉਤਰਨ ਦਾ ਸਦਾ ਚਲਦਾ ਰਹੇ

-0-

ਰੌਸ਼ਨੀ ਦਾਗ਼ਾਂ ਦੀ
ਕਦੀ ਮੱਧਮ ਨਾ ਹੋਵੇ
ਇਨ੍ਹਾਂ ਦੇ ਤੇਜ਼ ਤੇ
ਹਨ੍ਹੇਰੇ ਦਾ ਕਦੀ ਵੀ ਅਸਰ ਨਾ ਹੋਵੇ
ਦਾਗ਼ ਹਨ
ਤਾਂ ਉਸਦੇ ਮਸਤਕ 'ਚ ਅਕਾਸ਼ ਹੈ
ਚੰਨਾਂ ਸੂਰਜਾਂ ਤਾਰਿਆਂ ਦਾ
ਚਿਹਰੇ ਤੇ ਵਾਸ ਹੈ
ਤੇਰੀ ਜਫ਼ਾ ਚੋਂ ਉੱਗਿਆ
ਚਿਹਰੇ ਤੇ ਚੰਬਾ ਬਹਾਰ ਦਾ

o

ਪਤਝੜਾਂ ਦੇ ਸੀਨਿਆਂ 'ਚ
ਹਰਿਆਵਲਾਂ ਬੀਜਦਾ
ਮਹਿਕਾਂ ਉਤਾਰਦਾ

-0-

ਤੇਰੀ ਮੁਹੱਬਤ ਨੇ
ਕੀ ਚੰਨ ਚਾੜ੍ਹਿਐ
ਮੌਤ ਨੇ ਜ਼ਿੰਦਗੀ ਦਾ ਰੂਪ
ਧਾਰਿਐ
ਇਹ ਕੇਹੀ ਚਾਹਤ ਹੈ
ਕਿ ਦਮ ਨਿਕਲਦਾ ਹੀ ਨਹੀਂ
ਸਿਰ ਦਾ ਸੂਰਜ
ਪੈਰਾਂ 'ਚ ਉਤਰਦਾ ਹੀ ਨਹੀਂ
ਕਬਰਾਂ ਚੋਂ ਉੱਠੇ ਮੁਰਦੇ
ਤੇਰੇ ਦੀਦਾਰ ਲਈ
ਮੌਸਮਾਂ ਰੁੱਤਾਂ ਬਹਾਰਾਂ
ਬਾਲਿਆ ਆਪਣਾ ਸਿਵਾ
ਉਜੜੀ ਬਹਾਰ ਲਈ
ਜਫ਼ਾ ਹੈ ਤਾਂ ਵਫ਼ਾ ਹੈ
ਨਹੀਂ ਤਾਂ ਵਫ਼ਾ ਭਰਮ ਹੈ
ਮੁਹੱਬਤ ਮੁਹੱਬਤ ਦਾ ਸੱਚ ਹੈ
ਮੁਹੱਬਤ ਮੁਹੱਬਤ ਦਾ ਹੀ ਬਸ ਸਫ਼ਰ ਹੈ

-----

## ਦਿਲ ਦੀ ਸਰਾਂ

ਇਕ ਮਹਿਮਾਨ ਨੇ
ਮੇਰੇ ਦਿਲ ਦੀ ਸਰਾਂ 'ਚ
ਪੈਰ ਧਰਿਆ ਹੈ
ਮੇਰਾ ਦਿਲ
ਚੁੱਪ ਇਕੱਲਤਾ ਤੇ ਉਦਾਸੀ
ਨਾਲ ਭਰਿਆ ਹੈ

–0–

ਯੁੱਗਾਂ ਦਾ ਹਨ੍ਹੇਰਾ
ਉਸਦੇ ਚਿਹਰੇ ਤੇ ਛਾਇਆ ਹੈ
ਅੰਬਰ ਸੂਰਜਾਂ ਦੇ ਕਈ
ਉਹ ਘੁੰਮ–ਘੁੰਮ ਕੇ ਆਇਆ ਹੈ
ਭੁੱਖਾ ਹੈ ਉਹ ਆਪਣੀ ਹੀ ਦੀਦ ਦਾ
ਪਿਆਸਾ ਹੈ ਸੱਚ ਦੀ ਤਲਾਸ਼ ਦਾ
ਉਸਨੇ ਸੇਕਿਆ ਹੈ ਨਿੱਘ ਅੱਜ ਤਕ
ਆਪਣੀ ਹੀ ਆਸ ਦਾ

–0–

ਬੜੇ ਡੂੰਘੇ ਨੇ
ਉਸਦੇ ਨੈਣਾਂ ਦੇ ਖੂਹ
ਡੁੱਬ ਜਾਂਦੈ ਤੱਕਦਾ ਹੈ ਜੋ
ਬੜੇ ਓਪਰੇ ਬੋਲ
ਤੇ ਮੁਸਕਰਾਹਟ ਹੈ ਉਸਦੀ
ਬੜੀ ਵੱਖ਼ਰੀ ਤੇ ਉਮਦਾ
ਬਾਤ ਹੈ ਉਸਦੀ
ਦੇਹ ਦਾ ਦੀਵਾ ਬਾਲ
ਆਪਾ ਭਾਲਦਾ ਹੈ ਉਹ
ਕਦੀ ਆਪਣੇ ਆਪ 'ਚ ਹੈ ਉਤਰਦਾ

ਕਦੀ ਆਪਣੇ ਆਪ ਤੋਂ
ਆਪਾ ਉਤਾਰਦਾ ਹੈ ਉਹ

-0-

ਬੜਾ ਹੀ ਯਾਦ ਕਰਦੈ
ਘਰ ਵਿਹੜੇ ਗਲੀਆਂ
ਗਿਰਾਂ ਵਤਨ ਆਪਣਾ
ਬੜਾ ਧੋਂਦਾ ਨਿਚੋੜਦਾ
ਸੁੱਕਾਂਦਾ ਹੈ ਬਦਨ ਆਪਣਾ
ਆਪਣੇ ਤੋਂ ਉਤਾਰ ਕੇ
ਆਪਣੇ ਅੱਜ ਨੂੰ
ਬੀਤੇ 'ਚ ਉਤਰ ਜਾਂਦਾ ਹੈ
ਭਾਲਦਾ ਹੈ
ਆਪਣੇ ਅੰਗਾਂ ਤੇ ਨਕਸ਼ਾਂ ਨੂੰ
ਆਪਾ ਸਿਰਜਦਾ ਸਿਰਜਦਾ ਹੀ
ਬਿਖ਼ਰ ਜਾਂਦਾ ਹੈ

-0-

ਮੇਰੇ ਦਿਲ ਦੀ ਸਰਾਂ 'ਚ ਰਹਿੰਦਾ ਹੈ
ਜਦ ਸਭ ਸੌਂ ਜਾਂਦੇ ਹਨ
ਉਹ ਇਕੱਲਾ ਮੁਸਾਫ਼ਰ ਹੈ
ਜੋ ਸਾਰੀ ਰਾਤ ਜਾਗਦਾ ਹੈ
ਤੇ ਰੋਂਦਾ ਹੈ
ਮੈਂ ਉਸਨੂੰ ਤੱਕਿਆ ਜਦ ਵੀ
ਮੈਨੂੰ ਉਸ ਚੋਂ ਆਪਾ ਨਜ਼ਰ ਆਇਆ ਹੈ
ਜੋ ਉਸਨੇ ਗੁਆਇਆ ਹੈ
ਮੈਂ ਉਸਦਾ ਦਰਦ ਹੰਢਾਇਆ ਹੈ

-----

# ਪਿਆਸਾ ਖੂਹ

ਚਾਹਿਆ ਸੀ
ਇਕ ਚਿਹਰਾ ਤੇਰਾ
ਜੋ ਹੋ ਨਾ ਸਕਿਆ ਮੇਰਾ
ਮੇਰੇ ਦੁਆਲੇ
ਚਿਹਰਿਆਂ ਦੇ ਜੰਗਲ ਹਨ
ਅੰਗਾਂ ਦੇ ਕਾਫ਼ਲੇ
ਨਕਸ਼ਾਂ ਦੇ ਹਜ਼ੂਮ ਹਨ
ਹੁਸਨ ਦੇ ਚੰਨਾਂ ਤਾਰਿਆਂ
ਵਰਗੇ ਰੌਸ਼ਨ ਫ਼ਾਨੂਸ ਹਨ

-0-

ਨਜ਼ਰ ਦਿਲ ਦੀ ਚਾਹਤ
ਪਿੱਛੇ ਦੌੜਦੀ ਹੀ ਦੌੜਦੀ
ਇਕੱਲੀ ਰਹਿ ਗਈ
ਰਾਹ ਦਿਸ਼ਾਵਾਂ ਸਿਲਸਿਲੇ
ਸਭ ਪਿੱਛੇ ਰਹਿ ਗਏ
ਛੁੱਪ ਗਏ ਤਾਰੇ ਸੂਰਜ ਢਹਿ ਪਏ
ਨਜ਼ਰ ਕਿਤੇ ਰੁਕਦੀ ਨਹੀਂ
ਤਲਾਸ਼ ਹੈ ਮੁਕਦੀ ਨਹੀਂ

-0-

ਤੇਰੇ ਚਿਹਰੇ ਦੀ ਤਲਾਸ਼ 'ਚ
ਦੁਨੀਆਂ ਚਿਹਰਾ ਹੋ ਗਈ ਤੇਰਾ
ਮੁਕ ਗਈ ਤਲਾਸ਼
ਖੂਹ ਨਜ਼ਰਾਂ ਦਾ ਭਰ ਗਿਆ ਮੇਰਾ
ਮੈਂ ਸਭ ਦਾ ਹਾਂ
ਦਿਲ ਆਖ਼ਦਾ ਹੈ ਕੋਈ ਨਹੀਂ ਮੇਰਾ
ਬੇਸ਼ਕ ਦੁਨੀਆਂ ਦੇ ਸਭ ਚਿਹਰੇ
ਤੇਰੇ ਚਿਹਰੇ 'ਚ ਸਮਾਏ ਹਨ
ਪਿਆਰੇ ਨੇ ਪਰ ਪਰਾਏ ਹਨ

-----

## ਮੇਰੇ ਮਿੱਤਰ

ਮੇਰੇ ਮਿੱਤਰ
ਜਦ ਤੂੰ ਇਕ ਨਜ਼ਰ
ਮੇਰੇ ਵੱਲ ਤੱਕਦਾ ਹੈਂ
ਤਾਂ ਸਾਰੀ ਕਾਇਨਾਤ
ਮੇਰੇ 'ਚ ਸਮਾ ਜਾਂਦੀ ਹੈ
ਆਸਮਾਂ ਕਦਮਾਂ 'ਚ
ਧਰਤੀ ਬੁੱਕਲ 'ਚ ਆ ਜਾਂਦੀ ਹੈ

-0-

ਮੇਰੇ ਵਿਹੜੇ
ਮੌਸਮਾਂ ਰੁੱਤਾਂ ਬਹਾਰਾਂ ਦੀ
ਗੁਲਜ਼ਾਰ ਖਿੜਦੀ ਹੈ
ਸੁਰ ਸੰਗੀਤ ਦਾ ਆਲਮ
ਰੂਹ ਤੇ ਛਾ ਜਾਂਦਾ ਹੈ
ਚੰਨਾਂ ਸੂਰਜਾਂ ਤਾਰਿਆਂ ਦਾ ਕਾਫ਼ਲਾ
ਮੇਰਾ ਅੰਦਰ ਰੁਸ਼ਨਾ ਜਾਂਦਾ ਹੈ

-0-

ਮੇਰੇ ਮਹਿਬੂਬ
ਜਦ ਤੂੰ ਨਜ਼ਰ ਫੇਰ ਲੈਂਦਾ ਹੈਂ
ਮੇਰੀ ਗੁਲਜ਼ਾਰ ਨੂੰ ਪੱਤਝੜ
ਅੰਦਰਲੇ ਸਮੁੰਦਰ ਨੂੰ
ਸਹਿਰਾ ਘੇਰ ਲੈਂਦਾ ਹੈ
ਮੇਰੀ ਦੁਨੀਆਂ ਚੋਂ
ਚਾਨਣ ਆਲੋਪ ਹੁੰਦਾ ਹੈ
ਚੁੱਪ ਵੀਰਾਨੀ ਤੇ ਉਦਾਸੀ
ਫੈਲ ਜਾਂਦੀ ਹੈ
ਹਨ੍ਹੇਰਾ ਕੋਲ ਹੁੰਦਾ ਹੈ
ਇਕੱਲਤਾ ਤੋਂ ਸਿਵਾ
ਕੁੱਝ ਵੀ ਨਹੀਂ ਹੁੰਦਾ

ਕਬਰਾਂ ਦੀ ਚੁੱਪ ਹੁੰਦੀ ਹੈ
ਮੋਇਆ ਬੋਲ ਹੁੰਦਾ ਹੈ

-0-

ਤੇਰੀ ਇਕ ਨਜ਼ਰ 'ਚ
ਮੈਂ ਜ਼ਰੇ ਜ਼ਰੇ 'ਚ ਸ਼ੁਮਾਰ ਹੁੰਦਾ ਹਾਂ
ਨਜ਼ਰ ਦੇ ਫੇਰ 'ਚ
ਖੰਡਰ ਤੇ ਉਜਾੜ ਹੁੰਦਾ ਹਾਂ
ਜ਼ਿੰਦਗੀ ਜੀਅ ਰਿਹਾ ਹੁੰਦਾਂ
ਲੇਕਿਨ ਕਬਰੀ ਨੁਹਾਰ ਹੁੰਦਾ ਹਾਂ

-0-

ਐ ਮੇਰੇ ਮਿੱਤਰ
ਮੈਂ ਤੇਰੇ ਕੋਲ ਹੋ ਕੇ ਵੀ ਤੈਥੋਂ ਦੂਰ ਹਾਂ
ਪਤਾ ਨਹੀਂ ਕਿਉਂ
ਏਨੀ ਨੇੜਤਾ ਤੇ ਦੂਰੀਆਂ 'ਚ
ਕੱਟ ਰਹੀ ਹੈ ਜ਼ਿੰਦਗੀ
ਮੌਤ ਨੂੰ ਮੌਤ
ਜ਼ਿੰਦਗੀ ਨੂੰ
ਆਪਣਾ ਸਿਰਨਾਵਾਂ
ਦੱਸ ਰਹੀ ਹੈ ਜ਼ਿੰਦਗੀ
ਤੂੰ ਹੀ ਦੱਸ ਮੈਂ ਕੀ ਕਰਾਂ
ਜੋ ਤੇਰੀਆਂ ਨਜ਼ਰਾਂ 'ਚ ਰਹਾਂ

-0-

ਮੇਰੇ ਮਿੱਤਰ
ਜਦ ਤੂੰ ਇਕ ਨਜ਼ਰ
ਮੇਰੇ ਵੱਲ ਤੱਕਦਾ ਹੈਂ
ਤਾਂ ਸਾਰੀ ਕਾਇਨਾਤ
ਮੇਰੇ 'ਚ ਸਮਾ ਜਾਂਦੀ ਹੈ
ਆਸਮਾਂ ਕਦਮਾਂ 'ਚ
ਧਰਤੀ ਬੁੱਕਲ 'ਚ ਆ ਜਾਂਦੀ ਹੈ

-----

## ਭਾਸ਼ਾ ਸ਼ਬਦ ਤੇ ਯੁੱਧ

ਯੁੱਧ ਦਾ ਅਰਥ
ਹਰ ਭਾਸ਼ਾ 'ਚ ਯੁੱਧ ਹੁੰਦਾ ਹੈ
ਸ਼ਾਂਤੀ ਦਾ ਅਰਥ
ਹਰ ਭਾਸ਼ਾ 'ਚ ਸ਼ਾਂਤੀ ਹੁੰਦਾ ਹੈ
ਪਰ ਇਹ ਫ਼ੈਸਲਾ
ਭਾਸ਼ਾ ਜਿਉਂਦੇ ਸ਼ਬਦ ਦਾ ਹੈ
ਕਿ ਉਨ੍ਹਾਂ
ਸ਼ਾਂਤੀ ਲਈ ਯੁੱਧ ਲੜਨਾ ਹੈ
ਜਾਂ ਯੁੱਧ ਦਾ ਕਤਲ ਕਰਨਾ ਹੈ

-0-

ਭਾਸ਼ਾ ਜਿਉਂਦੇ ਸ਼ਬਦ
ਜਦ ਸ਼ਾਂਤੀ ਦਾ ਅਰਥ ਭੁੱਲ ਕੇ
ਯੁੱਧ ਲੜਦੇ ਹਨ
ਤਾਂ ਇਹ ਯੁੱਧ ਸ਼ਾਂਤੀ ਲਈ ਨਹੀਂ
ਸ਼ਾਂਤੀ ਦੇ ਕਤਲ ਲਈ ਹੁੰਦਾ ਹੈ
ਇਹ ਫ਼ਤਹਿ ਲਈ ਨਹੀਂ
ਦੋਹਾਂ ਦੀ ਸ਼ਿਕੱਸਤ ਲਈ ਹੁੰਦਾ ਹੈ!

-0-

ਭਾਸ਼ਾ ਜਿਉਂਦੇ ਸ਼ਬਦ
ਜਦ ਯੁੱਧ ਦਾ ਅਰਥ ਭੁੱਲ ਕੇ
ਯੁੱਧ ਲੜਦੇ ਹਨ
ਤਾਂ ਇਹ ਯੁੱਧ
ਯੁੱਧ ਦੇ ਕਤਲ ਲਈ ਨਹੀਂ ਹੁੰਦਾ
ਯੁੱਧ ਦੇ ਜਨਮ ਲਈ ਹੁੰਦਾ ਹੈ

-0-

ਕਿਸ ਦੀ ਫ਼ਤਹਿ
ਕਿਸ ਦੀ ਸ਼ਿਕੱਸਤ
ਇਸ ਸੱਚ ਤੋਂ
ਸ਼ਬਦ ਅਨਜਾਣ ਹੁੰਦੇ ਹਨ
ਜਿਸ ਮਕਸਦ ਲਈ
ਯੁੱਧ ਲੜਦੇ ਹਨ
ਉਸਦਾ ਅਰਥ ਭੁੱਲਦੇ ਹਨ
ਅਰਥ ਦੀ ਹੀ ਫ਼ਤਹਿ
ਜਾਂ ਸ਼ਿਕੱਸਤ ਹੁੰਦੀ ਹੈ
ਸ਼ਬਦਾਂ ਦੀ ਤਾਂ ਸਿਰਫ਼
ਜੰਗ ਹੁੰਦੀ ਹੈ

-0-

ਪਰ ਭਾਸ਼ਾ
ਯੁੱਧ ਦੇ ਮੈਦਾਨ 'ਚ ਵੀ
ਯੁੱਧ ਦਾ ਅਰਥ ਯੁੱਧ
ਸ਼ਾਂਤੀ ਦਾ ਅਰਥ
ਸ਼ਾਂਤੀ ਹੀ ਦੱਸਦੀ ਹੈ
ਭਾਸ਼ਾ
ਸਮੂਹਕ ਰਾਸ਼ਟਰੀਅਤਾ ਹੈ
ਸ਼ਬਦ ਰਾਸ਼ਟਰ 'ਚ
ਵੱਸਦੇ ਮਨੁੱਖ ਹਨ

-0-

ਭਾਸ਼ਾ ਜਿਉਂਦੇ ਸ਼ਬਦ
ਜਦ ਸ਼ਾਂਤੀ ਦਾ ਅਰਥ ਜਾਣ ਕੇ
ਯੁੱਧ ਲੜਦੇ ਹਨ

ਤਾਂ ਇਹ ਯੁੱਧ ਸ਼ਾਂਤੀ ਲਈ ਹੁੰਦਾ ਹੈ
ਨਾ ਕਿਸੇ ਫ਼ਤਹਿ ਲਈ
ਨਾ ਕਿਸੇ ਸ਼ਿਕੱਸਤ ਲਈ

-0-

ਯੁੱਧ ਦਾ ਅਰਥ
ਹਰ ਭਾਸ਼ਾ 'ਚ ਯੁੱਧ ਹੈ
ਸ਼ਾਂਤੀ ਦਾ ਅਰਥ
ਹਰ ਭਾਸ਼ਾ 'ਚ ਸ਼ਾਂਤੀ ਹੈ
ਭਾਸ਼ਾ ਸ਼ਾਂਤੀ 'ਚ ਵੀ
ਸ਼ਾਂਤੀ ਦਾ ਅਰਥ ਨਹੀਂ ਭੁੱਲਦੀ
ਯੁੱਧ 'ਚ ਵੀ
ਯੁੱਧ ਦਾ ਅਰਥ ਨਹੀਂ ਭੁੱਲਦੀ

-----

## ਵੇਗ

ਬਿੰਦੂ ਬਿੰਦੂ 'ਚ ਤੁਰਿਆ
ਦਾਇਰਾ ਹੋ ਗਿਆ
ਕਦਮ ਕਦਮਾਂ ਤੇ ਤੁਰੇ
ਮੰਜ਼ਿਲ ਹੋ ਗਏ
ਨਾ ਬਿੰਦੂ ਰਹੇ ਨਾ ਕਦਮ ਰਹੇ
ਬਿੰਦੂ ਦਾਇਰਿਆਂ 'ਚ
ਕਦਮ ਮੰਜ਼ਿਲਾਂ 'ਚ ਫ਼ਨਾਹ ਹੋ ਗਏ
ਆਪਣਾ ਸੱਚ ਪਾ ਗਏ

-0-

ਜ਼ਿੰਦਗੀ
ਆਪਣਾ ਸਫ਼ਰ ਕਰਦੀ ਹੈ
ਧੁੱਪਾਂ ਛਾਵਾਂ ਚੋਂ ਗੁਜ਼ਰਦੀ ਹੈ
ਜਦ ਆਪਣਾ ਸੱਚ ਪਾਉਂਦੀ ਹੈ
ਤਾਂ ਜ਼ਿੰਦਗੀ ਜ਼ਿੰਦਗੀ ਨਹੀਂ
ਮੌਤ ਕਹਾਉਂਦੀ ਹੈ
ਜਿਸ ਚੋਂ ਨਾ ਸੂਰਜ ਉੱਗਦਾ ਹੈ
ਨਾ ਨਦੀਆਂ ਦਰਿਆਵਾਂ ਨੂੰ
ਸਾਗਰ ਜੁੜਦਾ ਹੈ
ਨਾ ਸਮਾਂ ਹੀ ਪੈਰ ਪੁੱਟਦਾ ਹੈ
ਜ਼ਿੰਦਗੀ
ਸਿਰਜਕ ਸ਼ੂਨਯ ਹੋ ਰਹਿ ਜਾਂਦੀ ਹੈ
ਸੱਚ ਤੋਂ ਭਰਮ ਦੀ ਬੁੱਕਲ ਲਹਿ ਜਾਂਦੀ ਹੈ

-0-

ਜ਼ਿੰਦਗੀ ਨੇ ਆਪਣੇ ਸਫ਼ਰ 'ਚ
ਜੋ ਸੋਚ ਦੇ ਦੀਵੇ ਜਗਾਏ ਹਨ

ਉਹ ਸ਼ੁਨਯ ਹੋਈ ਜ਼ਿੰਦਗੀ ਚੋਂ
ਸ਼ੂਨਯ ਬਣ ਚੜ੍ਹ ਆਏ ਹਨ

-0-

ਚੁੱਪ ਚੋਂ ਸ਼ੋਰ 'ਚੋਂ ਜਨਮਿਆ ਸੱਚ
ਚਾਹੇ ਉਹ ਬਿੰਦੂ ਦਾਇਰੇ ਮੰਜ਼ਿਲ
ਕਦਮਦਾ ਸੀ
ਸ਼ੂਨਯ ਹੋਈ ਜ਼ਿੰਦਗੀ ਦੀ
ਨਸ ਨਸ 'ਚ ਜਿਉਂਦਾ ਹੈ
ਲਹੂ 'ਚ ਤੁਰਦਾ ਹੈ
ਸ਼ੂਨਯ ਜ਼ਿੰਦਗੀ ਦੀ ਨਦੀ 'ਚ
ਵਗਦਾ ਹੈ
ਮੌਤ ਹੋਈ ਜ਼ਿੰਦਗੀ ਦੇ
ਮੱਥੇ 'ਚ ਮੱਘਦਾ ਹੈ

-0-

ਕਿਉਂਕਿ
ਸਿਰਜਣਾ ਦਾ ਵੇਗ ਸ਼ੂਨਯ ਹੈ
ਸਿਰਜਣਾ ਦਾ ਆਦਿ ਅੰਤ ਸ਼ੂਨਯ ਹੈ
ਸਿਰਜਣਾ ਬਿਨਸਨਹਾਰ ਹੈ
ਸ਼ੂਨਯ ਅੰਤ ਰਹਿਤ ਨਿਰੰਤਰ ਹੈ
ਸਿਰਜਣਾ ਤੇ ਸ਼ੂਨਯ ਦਾ
ਇਹੀ ਅੰਤਰ ਹੈ

-----

## ਕੋਰਾ ਕਾਗ਼ਜ਼

ਮੈਂ ਲਿਖਿਆ
ਕਾਗ਼ਜ਼ ਤੇ ਤੇਰਾ ਨਾਂਅ
ਕੋਰਾ ਕਾਗ਼ਜ਼
ਪੁਸਤਕ ਦਾ ਵਰਕਾ ਹੋ ਗਿਆ
ਸ਼ਬਦਾਂ ਦਾ ਅਰਥ
ਅਰਥ ਦਾ ਸੱਚ ਹੋ ਗਿਆ

–0–

ਸਮਝ ਆਇਆ
ਕੋਰੇ ਕਾਗ਼ਜ਼ ਦੀ
ਕੋਈ ਹਸੀਅਤ ਹੋਂਦ ਵਿਕਾਰ ਨਹੀਂ
ਸ਼ਬਦਾਂ ਅਰਥਾਂ ਦਾ ਸੱਚ
ਕਾਗ਼ਜ਼ ਦੇ ਪਿੰਡੇ ਤੇ
ਜਦ ਸਾਕਾਰ ਨਹੀਂ

–0–

ਕੋਰਾ ਕਾਗਜ਼
ਜਦ ਸ਼ਬਦਾਂ ਅਰਥਾਂ ਨੂੰ
ਆਪਣੇ 'ਚ ਵਸਾਂਦਾ ਹੈ
ਆਪਣਾ ਸੱਚ ਪਾਂਦਾ ਹੈ
ਗੀਤਾ ਗ੍ਰੰਥ ਕੁਰਾਨ ਕਹਾਂਦਾ ਹੈ
ਜ਼ਰੇ ਤੋਂ ਸਹਿਰਾ ਕਣ ਤੋਂ ਪਹਾੜ
ਬੂੰਦ ਤੋਂ ਸਾਗਰ ਹੋ ਜਾਂਦਾ ਹੈ
ਜ਼ਿੰਦਗੀ ਦੇ
ਵਿਸਥਾਰ ਦਾ ਰੂਪ ਧਾਰਦਾ ਹੈ
ਆਦਿ ਤੋਂ ਅੰਤ ਤਕ ਦਾ ਸਫ਼ਰ ਕਰਦਾ ਹੈ
ਜੀਵਨ ਦੀ ਤਲੀ 'ਤੇ
ਮੱਘਦੇ ਸੂਰਜ ਧਰਦਾ ਹੈ

ਕਾਲਖ਼ 'ਚ
ਜਦ ਆਪਣਾ ਆਪ ਰੰਗਦਾ ਹੈ
ਚਿਹਰਾ ਵੇਦਾਂ ਦਾ ਲੱਗਦਾ ਹੈ

-0-

ਲਿਖਦੇ ਮੇਰੀ ਦੇਹ ਦੇ ਕਾਗ਼ਜ਼ ਤੇ
ਆਪਣਾ ਨਾਂਅ
ਕਾਗ਼ਜ਼ ਤੋਂ
ਮੈਂ ਪੁਸਤਕ ਹੋ ਜਾਂ
ਲਿਖਦੇ ਕੋਈ ਗੀਤ ਮੇਰੀ ਹਿੱਕ ਤੇ
ਗੀਤਾਂਜਲੀ ਮੈਂ ਕਹਾਂ
ਵਾਹ ਦੇ ਅੱਖਰ ਕੋਈ
ਮਦਰੱਸੇ ਦਾ ਕਾਇਦਾ ਬਣਾ
ਲਿਖ ਦੇ ਜੋ ਕੁੱਝ ਵੀ ਚਾਹੁੰਦਾ ਹੈ ਤੂੰ
ਕਿ ਕਾਇਆ ਕਲਪ ਹੋ ਜਾਏ ਮੇਰਾ
ਮੇਰੀ ਦੇਹ 'ਚ ਚਾਨਣ ਕਰੇ
ਸੂਰਜ ਕਾਲਾ ਤੇਰਾ

------

## ਅੰਕੁਰ

ਰੁੱਖ ਨੂੰ ਰੁੱਖ ਮਿਲਿਆ
ਸਾਖ਼ਾਂ ਪੁੰਗਰੀਆਂ
ਫੁੱਲ ਖਿੜੇ ਫੱਲ ਬੀਜ ਬਣੇ
ਜ਼ਿੰਦਗੀ ਮੌਲੀ ਜੀਵਨ ਤੁਰਿਆ
ਰੁੱਖ ਨੂੰ ਜੰਗਲ
ਜੰਗਲ ਨੂੰ ਰੁੱਖ ਮਿਲਿਆ

-0-

ਰੁੱਖ ਨੂੰ ਰੁੱਖ ਦਾ ਮਿਲਣਾ ਹੀ
ਮੁਕਤੀ ਦਾ ਦੁਆਰ ਸੀ
ਮੁਕਤੀ ਦੀ ਸਰਦਲ ਤੋਂ ਉਰਾਂ
ਰੁੱਖ ਬੀਜ ਸੀ
ਮੁਕਤੀ ਦੀ ਸਰਦਲ ਤੋਂ ਪਾਰ
ਰੁੱਖ ਜੰਗਲ ਸੀ

-0-

ਅੰਕੁਰ ਤੋਂ ਵਜੂਦ
ਸਹਿਰਾ ਸਾਗਰ ਪਹਾੜ ਦਾ ਸੱਚ
ਰੁੱਖ ਦੀ ਦ੍ਰਿਸ਼ਟੀ 'ਚ
ਰੌਸ਼ਨ ਹੋ ਗਿਆ
ਰੁੱਖ ਆਪਣੀ ਪਹਿਚਾਣ ਭੁੱਲ ਕੇ
ਜੰਗਲ ਦੀ ਪਹਿਚਾਣ ਹੋ ਗਿਆ
ਰੁੱਖ ਜੰਗਲ ਹੋ ਗਿਆ

-----



ਆਪੇ ਤੋਂ ਆਪੇ ਦੀ ਤ੍ਰਿਸ਼ਨਾ
ਤੇਰੇ ਤੋਂ ਮੇਰੇ ਦਾ ਪੈਂਡਾ
ਮੇਰੇ ਵਿਚ ਹੀ ਮੇਰਾ ਸਾਇਆ
ਧਰਤੀ ਵਿਚ ਹੀ ਥਾਲ ਗਗਨ ਦਾ
ਸਭ ਸੁੱਖ ਮਿੱਟੀ ਵਿਚ ਸਮਾਇਆ
ਇਹ ਮਿੱਟੀ ਪ੍ਰਵਾਜ਼ ਹੈ ਮੇਰੀ
ਇਸ ਮਿੱਟੀ ਦੀ ਮੇਰੀ ਕਾਇਆ